ੴ ਵਾਹਿਗੁਰੂ ਜੀ ਕੀ ਫਤਹਿ॥

# ਸਿੱਖਇਜ਼ਮ

## ਬਨਾਮ

# ਕਮਿਊਨਿਜ਼ਮ

ਲੇਖਕ:
ਗੁਰਮੀਤ ਸਿੰਘ ਚੀਮਾ
ਪ੍ਰੈਸ ਸਕੱਤਰ
ਸ਼੍ਰੋਮਣੀ ਅਕਾਲੀ ਦਲ

ਪਹਿਲਾ ਅਡੀਸ਼ਨ ਜੂਨ 1982
ਦੂਸਰਾ ਅਡੀਸ਼ਨ ਅਗਸਤ 1983

ਪ੍ਰਕਾਸ਼ਕ-
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
(ਧਰਮ ਪ੍ਰਚਾਰ ਕਮੇਟੀ) ਸ੍ਰੀ ਅੰਮ੍ਰਿਤਸਰ।

## ਮੁਖ-ਬੰਦ

ਕਾਰਲ ਮਾਰਕਸ ਦੀ ਵਿਚਾਰਧਾਰਾ ਤੇ ਅਧਾਰਤ ਇਸ ਨਾਸਤਿਕਤਾ ਦਾ ਆਰੰਭ ਤਕਰੀਬਨ ਅੱਜ ਤੋਂ ਕੋਈ ਇਕ ਸਦੀ ਪਹਿਲਾਂ ਹੋਇਆ, ਉਸ ਸਮੇਂ ਤੋਂ ਅੱਜ ਤੱਕ ਦੇ ਥੋੜੇ ਜਿਹੇ ਅਰਸੇ ਵਿਚ ਇਸ ਵਿਚਾਰਧਾਰਾ ਨੇ ਆਪਣੇ ਬੁਨਿਆਦੀ ਸਿਧਾਂਤਾਂ ਵਿਚ ਤਬਦੀਲੀਆਂ ਕਰਕੇ ਜਿਵੇਂ ਲੋਟਣੀਆਂ ਖਾਧੀਆਂ ਹਨ, ਉਸ ਤੋਂ ਇਸ ਸਿਧਾਂਤ ਦੀ ਸਚਾਈ, ਪਕਿਆਈ ਅਤੇ ਮਨੁੱਖਾ ਜੀਵਨ ਵਿਚ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਨਾਲ ਟੱਕਰ ਲੈਣ ਦੀ ਸਮਰੱਥਾ ਬਾਰੇ ਪੁਸ਼ਟੀ ਹੋ ਜਾਂਦੀ ਹੈ।

ਇਸ ਲੇਖ ਵਿਚ ਸ: ਗੁਰਮੀਤ ਸਿੰਘ ਚੀਮਾ ਨੇ ਕਾਰਲ ਮਾਰਕਸ ਦੇ ਗਲਤ ਸਾਬਤ ਹੋ ਚੁੱਕੇ ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਆਰਥਿਕ ਨਿਰਣਿਆਂ ਨੂੰ ਜਿੱਥੇ ਦਲੀਲ ਪੂਰਵਕ ਤੇ ਰੌਚਕ ਤਰੀਕੇ ਨਾਲ ਬਿਅਨਿਆਂ ਹੈ, ਉਥੇ ਨਾਲ ਹੀ ਗੁਰਮਤਿ ਦੇ 'ਘਾਲਿ ਖਾਇ ਕਿਛੁ ਹਥਹੁ ਦੇਇ'॥ ਅਤੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ'॥ ਦੇ ਸਮਾਜਵਾਦੀ ਤੇ ਮਾਨਵਵਾਦੀ ਸਿਧਾਂਤਾਂ ਨੂੰ ਬੜੇ ਵਿਦਵਤਾ ਪੂਰਵਕ ਤਰੀਕੇ ਨਾਲ ਵਿਖਿਆਨਿਆਂ ਹੈ।

ਨਿਰਸੰਦੇਹ, ਮਾਰਕਸ ਦਾ 'ਰਾਜ-ਰਹਿਤ ਸਮਾਜ' ਦਾ ਸਿਧਾਂਤ ਇਕ ਬਖੇੜਾ ਜਿਹਾ ਬਣ ਜਾਂਦਾ ਹੈ, ਜਦ ਅਸੀਂ ਦੇਖਦੇ ਹਾਂ, ਕਿ ਰੂਸ ਚੀਨ ਆਦਿ ਦੇਸ਼ਾਂ ਵਿਚ ਰਾਜ ਦਾ ਸ਼ਿਕੰਜਾ ਦਿਨੋ ਦਿਨ ਹੋਰ ਕੱਸਿਆ ਜਾ ਰਿਹਾ ਹੈ।ਉਸਦੀ 'ਵਰਗ-ਰਹਿਤ ਸਮਾਜ' ਵਾਲੀ ਗੱਲ ਵੀ ਹਾਸੋ-ਹੀਣੀ ਮਹਿਸੂਸ ਹੁੰਦੀ ਹੈ, ਜਦ ਉਸ ਨੇ ਖੁਦ ਹੀ ਸਮਾਜ ਵਿਚ ਦੋ ਸਥਾਈ ਵਰਗ ਪੈਦਾ ਕਰ ਦਿੱਤੇ ਹਨ।ਕਮਿਊਨਿਸਟ ਦੇਸ਼ਾਂ ਦੀ ਨਿਘਰਦੀ ਜਾ ਰਹੀ ਆਰਥਕ ਹਾਲਤ ਪ੍ਰਤੱਖ ਕਰਦੀ ਹੈ, ਕਿ ਇਸ ਕੋਨ ਤੋਂ ਦੇਖਿਆਂ ਵੀ ਇਹ ਵਿਚਾਰਧਾਰਾ ਬੜੀ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ।ਰੂਸ ਚੀਨ ਜਿਹੇ ਦੇਸ਼ ਅੱਜ ਬੇਸ਼ੱਕ ਆਪਣੇ ਆਪ ਨੂੰ ਕਲੂੰਜੀ ਬੈਠ ਸਮਝਦੇ ਹਨ, ਅਸਲੀਅਤ ਬਾਹਰ ਨਹੀਂ ਆਉਣ ਦਿੰਦੇ, ਪਰ ਕੁੱਝ ਦੂਸਰੇ ਦੇਸ਼ ਜਿਵੇਂ ਕਿ ਪੋਲੈਂਡ, ਜਿਸ ਤੋਂ ਕਰਜ਼ੇ ਦਾ ਮੂਲ ਤਾਂ ਕਿਧਰੇ ਵਿਆਜ ਵੀ ਅਦਾ ਨਹੀਂ ਹੋਇਆ।ਇਸ ਤੋਂ ਇੰਨ੍ਹਾਂ ਦੇ ਦਵਾਲੀਏਪਨ ਦਾ ਪਰਦਾ ਫਾਸ਼ ਹੋ ਜਾਂਦਾ ਹੈ।ਇਹ ਸਚਾਈ ਹੈ ਕਿ ਜੇਕਰ ਅੱਜ ਕਮਿਊਨਿਸਟ ਦੇਸ਼ਾਂ ਦੇ ਸ਼ਹਿਰੀਆਂ ਤੋਂ ਆਜ਼ਾਦਾਨਾ ਰਾਇ ਮੰਗੀ ਜਾਵੇ, ਤਾਂ ਉਹ ਸਭ ਇੰਨ੍ਹਾਂ ਤਾਨਾਸ਼ਾਹੀ ਸਰਕਾਰਾਂ ਦੇ ਜੂਲੇ ਵਿਚੋਂ ਅਜਾਦ ਹੋਣਾ ਚਾਹੁਣਗੇ, ਪਰ ਮਾਰਕਸ ਲੈਨਿਨ ਦੇ ਨਾਮ ਤੇ ਦੁਕਾਨਦਾਰੀ ਚਲਾਉਣ ਵਾਲੇ ਕੁੱਝ ਗਿਣਤੀ ਦੇ ਲੋਕ ਭਲਾ ਕਿਉਂ ਅਜਿਹਾ ਹੋਣ ਦੇਣਗੇ?

ਮਾਰਕਸ ਦੇ ਅਖੌਤੀ ਸਮਾਜਵਾਦ ਜਾਂ ਅਣਜੰਮੇ ਸਾਮਵਾਦ ਜਿਹੀ ਨਾਸਤਿਕ ਵਿਚਾਰਧਾਰਾ ਦਾ ਧਰਮ ਦੇ ਸੱਚੇ ਸੁੱਚੇ ਸਦੀਵੀ ਸਿਧਾਂਤਾਂ ਨਾਲ ਮੁਕਾਬਲਾ ਕਰਨਾ, ਬਹਿਸ ਛੇੜਨੀ, ਇਕ ਬਚਕਾਨਾ ਜਿਹੀ ਗੱਲ ਹੈ।ਗੁਰਮਤਿ ਸਿਧਾਂਤਾਂ ਨਾਲ ਕਿਸੇ ਵੀ "ਵਾਦ" ਦਾ ਵਿਸ਼ੇਸ਼ ਤੌਰ ਤੇ ਨਾਸਤਿਕਵਾਦ ਦਾ ਤੁਲਨਾਤਮਿਕ ਅਧਿਐਨ ਕਰਨਾ ਨਾ ਵਾਜਬ ਹੈ, ਨਾ ਹੀ ਉਚਿਤ।ਪਰ ਜਿਵੇਂ ਪਿਛਲੇ ਕੁੱਝ ਸਮੇਂ ਤੋਂ ਵਿਦੇਸ਼ੀ ਮੱਦਦਗਾਰਾਂ ਦੇ ਬਲਬੋਤੇ ਮਾਰਕਸ ਦੇ ਇਹ ਬਦਕਿਸਮਤ ਵਫਾਦਾਰ ਹਿੰਦੁਸਤਾਨੀ ਚੇਲੇ, ਇਸ ਗੁਰੂਆਂ, ਰਿਸ਼ੀਆਂ ਮੁਨੀਆਂ ਦੀ ਧਰਤੀ ਉਪਰ, ਸਮਾਂ ਵਿਹਾ ਚੁੱਕੀ ਵਿਚਰਾਧਾਰਾ ਨੂੰ, ਗੁਰਮਤਿ ਸਿਧਾਂਤਾਂ ਨਾਲ ਰਲਗੱਡ ਕਰਕੇ ਪ੍ਰਚਾਰਨ ਦੇ ਆਹਰ ਵਿਚ ਬੜੇ ਯੋਜਨਾਬਧ ਤਰੀਕੇ ਨਾਲ ਜੁਟੇ ਹੋਏ ਹਨ, ਉਸ ਲਈ ਜ਼ਰੂਰੀ ਹੈ, ਕਿ ਇਸ ਨੂੰ ਇਸੇ ਰੂਪ ਵਿਚ ਪੇਸ਼ ਕਰਕੇ ਸੱਚ ਨਿਤਾਰਿਆ ਜਾਵੇ, ਤਾਂ ਕਿ ਲੋਕ ਅਸਲੀਅਤ ਨੂੰ ਸਮਝ ਕੇ, ਇਸ ਕਾਲੇ ਜਾਦੂ ਦੇ ਅਸਰ ਤੋਂ ਮੁਕਤ ਹੋ ਸਕਣ।

ਵਿਸ਼ੇਸ਼ ਤੌਰ ਤੇ ਸਕੂਲਾਂ ਕਾਲਜਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਕੁੱਝ **ਪੇਡ** ਏਜੰਟ ਤਕਨੀਕੀ ਸ਼ਬਦਾਂ ਦੀ ਘੁੰਮਣਘੇਰੀ ਵਿਚ ਐਸਾ ਫਸਾਉਂਦੇ ਹਨ, ਕਿ ਦੋ ਚਾਰ ਸਾਲ ਤੋਂ ਬਾਅਦ, ਉਨ੍ਹਾਂ ਨੂੰ ਜਦ ਇਸ ਅਖੌਤੀ ਸਮਾਜਵਾਦ ਦੇ ਅਸਲ ਸਿਧਾਂਤਾਂ ਦੀ ਸੋਝੀ ਪੈਂਦੀ ਹੈ, ਤਾਂ ਉਹ ਪਛਤਾਉਂਦੇ ਹਨ, ਕਿ ਜ਼ਿੰਦਗੀ ਦਾ ਦੋ ਚਾਰ ਸਾਲ ਦਾ ਸੁਨਹਿਰੀ ਸਮਾਂ ਅਜਾਈਂ ਗੁਆ ਦਿੱਤਾ।**ਮਨੁੱਖਾ ਜਨਮ ਬਹੁਤ ਕੀਮਤੀ ਹੈ।ਇਹ ਕਿਸੇ ਵਿਸ਼ੇਸ਼ ਮਕਸਦ ਦੀ ਪ੍ਰਾਪਤੀ ਲਈ ਮਿਲਿਆ ਹੈ। ਇਸਦੇ ਇਕ ਇਕ ਪਲ ਨੂੰ 'ਸਾਸਿ ਸਾਸਿ ਸਿਮਰਹੁ ਗੋਬਿੰਦ'(295) ਦੇ ਜ਼ਰੀਹੇ 'ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ' ਲਈ ਵਰਤਨਾ ਹੀ ਯੋਗ ਹੈ।**

ਸੋ ਇਸ ਥੋਥੀ ਵਿਚਾਰਧਾਰਾ ਦੇ ਖੋਖਲੇਪਨ ਨੂੰ ਨੰਗਿਆਂ ਕਰਕੇ ਅਧਿਆਪਕਾਂ ਤੇ ਵਿਦਿਆਰਥੀਆਂ ਦਾ ਸਮਾਂ ਬਚਾਉਣ ਅਤੇ ਇਸ 'ਭੂਲ ਭੁਲੱਈਆ' ਦੇ ਤਾਣੇ ਪੇਟੇ ਵਿਚ ਫਸ ਚੁੱਕੇ ਲੋਕਾਂ ਨੂੰ, ਇਸ ਵਿਚੋਂ ਸਦੀਵੀ ਬਾਹਰ ਕੱਢ ਕੇ ਗੁਰਮਤਿ ਦੇ ਸੱਚੇ ਸੁੱਚੇ ਸਦੀਵੀ ਸਿਧਾਂਤਾਂ ਦਾ ਧਾਰਨੀ ਬਨਾਉਣਾ, ਇਸ ਲੇਖ ਦਾ ਮੰਤਵ ਹੈ।

ਬਿਨਾਂ ਸ਼ੱਕ ਇਹ ਕਾਰਜ ਦੀ ਸ਼ੁਰੂਆਤ ਅਤੇ ਗੋਹੜੇ ਵਿਚੋਂ ਪੂਣੀ ਕੱਤਣ ਬਰਾਬਰ ਹੀ ਹੈ, ਪਰ ਵਿਦਵਾਨ ਲੇਖਕ ਨੇ ਜਿਸ ਸੂਝ ਸਿਆਣਪ ਤੇ ਸੁਚੱਜੇ ਤਰੀਕੇ ਨਾਲ ਦਲੀਲਾਂ ਦੇ ਅਧਾਰ ਤੇ ਇਸ ਨੂੰ ਪੇਸ਼ ਕੀਤਾ ਹੈ, ਉਮੀਦ ਰੱਖਦੇ ਹਾਂ, ਕਿ ਪਾਠਕ ਇਸਤੋਂ ਕਾਫੀ ਲਾਭ ਉਠਾਉਣਗੇ।

ਸਹੀ-



ਭਾਨ ਸਿੰਘ (ਸਕੱਤਰ) ਸ਼੍ਰੋ.ਗੁ.ਪ੍ਰ.ਕ. ਸ੍ਰੀ ਅੰਮ੍ਰਿਤਸਰ

ੴ ਸਤਿ ਗੁਰ ਪ੍ਰਸਾਦਿ॥

# ਕਮਿਊਨਿਜ਼ਮ-ਬਨਾਮ-ਸਿੱਖਇਜ਼ਮ

ਕੋਈ ਵੀ ਸੂਝ ਰੱਖਦਾ ਮਨੁੱਖ ਇਸ ਗੱਲ ਤੋਂ ਇਨਕਾਰੀ ਨਹੀਂ ਹੋ ਸਕਦਾ, ਕਿ ਸਿੱਖ ਫਲਸਫਾ ਵਿਸ਼ਵ ਦਾ ਸਭ ਤੋਂ ਨਵੀਨ ਫਲਸਫਾ ਹੈ, ਜੋ ਅੱਜ ਵੀ ਵਿਗਿਆਨਕ ਯੁਗ ਦੇ ਪ੍ਰਗਤੀਸ਼ੀਲ ਮਨੁੱਖ ਨੂੰ ਧਰਮ, ਸਭਿਆਚਾਰ, ਆਰਥਿਕਤਾ, ਰਾਜਨੀਤੀ ਅਤੇ ਮਨੁੱਖੀ ਜ਼ਿੰਦਗੀ ਦੇ ਹਰ ਪਹਿਲੂ ਤੋਂ ਸਮੇਂ ਅਨੁਸਾਰ ਅਗਵਾਈ ਦੇ ਸਕਣ ਦੇ ਸਮਰੱਥ ਹੈ।ਮਿਸਟਰ ਐਚ.ਐਨ ਬਰਾਡਸ਼ਾਹ ਲਿਖਦੇ ਹਨ ਕਿ-"ਸਿੱਖ, ਇਕ ਸਰਵ-ਵਿਆਪਕ ਅਤੇ ਮੁਕੰਮਲ ਵਿਸ਼ਵ ਧਰਮ ਹੈ, ਅਤੇ ਸਰਬ ਮਨੁੱਖ ਮਾਤ੍ਰ ਲਈ ਬਰਾਬਰ ਸੰਦੇਸ਼ ਦਿੰਦਾ ਹੈ।ਸਿੱਖਾਂ ਨੂੰ ਇਹ ਸੋਚਣਾ ਬੰਦ ਕਰ ਦੇਣਾ ਚਾਹੀਦਾ ਹੈ, ਕਿ ਸਿੱਖੀ ਹੋਰ ਚੰਗਾ ਧਰਮ ਹੈ, ਸਗੋਂ ਇਸਦੇ ਉਲਟ ਇਹ ਸੋਚਣਾ ਚਾਹੀਦਾ ਹੈ, ਕਿ ਸਿਰਫ ਅਤੇ ਸਿਰਫ ਸਿੱਖੀ ਹੀ, ਨਵੇਂ ਯੁਗ ਦਾ ਇੱਕੋ ਇੱਕ ਧਰਮ ਹੈ।ਦੂਜੇ ਧਰਮ ਸਚਾਈ ਰੱਖਦੇ ਹਨ, ਪਰ ਸਿੱਖ ਧਰਮ ਇਕ ਮੁਕੰਮਲ ਸੱਚ ਹੈ"।

ਸੋ ਸਪਸ਼ਟ ਹੈ ਕਿ ਸੰਸਾਰ ਦੀ ਸਭ ਤੋਂ ਨਵੀਨਤਮ ਅਤੇ ਜਾਨਦਾਰ ਵਿਚਾਰਧਾਰਾ ਸਿੱਖੀ ਹੀ ਅਜੋਕੇ ਯੁਗ ਦੀ ਵਿਗਿਆਨਕ ਸੋਚ ਨਾਲ ਲੈਸ ਮਨੁੱਖ ਦੇ ਸ਼ੰਕਿਆਂ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਉਨ੍ਹਾਂ ਦੇ ਯੋਗ ਅਤੇ ਤਸੱਲੀ-ਬਖਸ਼ ਉਤਰ ਦੇ ਸਕਣ ਦੇ ਸਮਰੱਥ ਹੈ।

ਇਸ ਕ੍ਰਾਂਤੀ ਕਾਰੀ ਲੋਕ-ਪੱਖੀ ਤੇ ਮਾਨਵ ਕਲਿਆਣਕਾਰੀ ਫਲਸਫੇ ਨੇ, ਯੁੱਗਾਂ ਤੋਂ ਪਸ਼ੂਆਂ ਤੋਂ ਵੀ ਗਈ ਗੁਜ਼ਰੀ ਜ਼ਿੰਦਗੀ ਬਸਰ ਕਰ ਰਹੇ ਅਤੇ ਆਪਣੇ ਵਰਗੇ ਮਨੁੱਖਾਂ ਹੱਥੋਂ ਹੀ ਖਵਾਰ ਹੋ ਰਹੇ, ਅਖੌਤੀ ਨੀਵੇਂ ਸਮਝੇ ਜਾਂਦੇ ਇਨਸਾਨਾਂ ਨੂੰ ਸਮਾਜ ਦੇ ਅਖੌਤੀ ਉਚੇ ਵਰਗਾਂ ਦੇ ਬਰਾਬਰ ਹੀ ਨਹੀਂ ਲਿਆ ਖੜ੍ਹਾ ਕੀਤਾ, ਸਗੋਂ ਇਸ ਫਲਸਫੇ ਨਾਲ ਲੈਸ ਹੋਕੇ ਨਿਮਾਣੇ ਅਤੇ ਨਿਤਾਣੇ ਸਮਝੇ ਜਾਂਦੇ ਲੋਕਾਂ ਨੇ ਸਦੀਆਂ ਤੋਂ ਸਥਾਪਤ ਧਾਰਮਿਕ, ਸਮਾਜੀ ਅਤੇ ਰਾਜਸੀ ਇਜਾਰੇਦਾਰੀ ਦੀ ਹਸਤੀ ਨੂੰ ਪਹਿਲੀ ਵੇਰਾਂ ਲਲਕਾਰਨ ਦੀ ਜੁਰੱਅਤ ਕੀਤੀ।ਵਿਸ਼ਵ ਦੇ ਪਹਿਲੇ ਕ੍ਰਾਂਤੀਕਾਰੀ ਪੈਗੰਬਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਹਿਣਾ ਹੈ ਕਿ-

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ਸ੍ਰੀ ਰਾਗ ਮ:1 ਪੰ:15

ਇਕ ਤਰ੍ਹਾਂ ਨਾਲ ਮਨੁੱਖੀ ਬਰਾਬਰਤਾ ਲਈ ਭਵਿੱਖ ਵਿਚ ਆਰੰਭ ਹੋਣ ਵਾਲੇ ਸੰਘਰਸ਼ ਦਾ ਘੋਸ਼ਣਾ ਪੱਤਰ ਸੀ। ਇਸਦੇ ਅਧਾਰ ਤੇ ਮਾਨਵ ਵਾਦੀ ਸਿੱਖ ਵਿਚਾਰਧਾਰਾ ਦੀ ਅਧਾਰਸ਼ਿਲਾ ਰੱਖੀ ਗਈ।ਸੰਸਾਰ ਦੀ ਤਾਰੀਖ ਵਿਚ ਗੁਰੂ ਨਾਨਕ ਤੋਂ ਪਹਿਲਾਂ ਕੋਈ ਮਿਸਾਲ ਨਹੀਂ ਮਿਲਦੀ ਕਿ ਕਿਸੇ ਧਾਰਮਿਕ ਆਗੂ ਨੇ ਨਿਰੰਕੁਸ਼ ਰਾਜਿਆਂ ਤੇ ਜਾਗੀਰਦਾਰਾਂ ਵੱਲੋਂ ਹੋ ਰਹੀ ਮਨੁੱਖ-ਮਾਰੂ ਤੇ ਘਾਤਕ ਲੁੱਟ-ਖਸੁੱਟ ਵਿਰੁੱਧ ਇਸ ਤਰ੍ਹਾਂ 'ਹਾਅ' ਦਾ ਨਾਅਰਾ ਮਾਰਿਆ ਹੋਵੇ, ਅਤੇ ਜ਼ਾਲਮ ਤੇ ਲੁਟੇਰੀ ਨਿਰੰਕੁਸ਼ ਬਾਦਸ਼ਾਹਤ ਨੂੰ ਵੰਗਾਰਿਆ ਹੋਵੇ।ਗੁਰੂ ਨਾਨਕ ਵਿਸ਼ਵ ਦਾ ਪਹਿਲਾ ਲੋਕ ਆਗੂ ਸੀ, ਜਿਸ ਨੇ ਸਮੇਂ ਦੀ ਹਕੂਮਤ, ਲੁਟੇਰੀ ਤੇ ਦੰਭੀ ਨੌਕਰਸ਼ਾਹੀ ਅਤੇ ਪਾਖੰਡੀ ਧਾਰਮਿਕ ਆਗੂ ਜ਼ਮਾਤ ਨੂੰ ਨਿੰਦਿਆ ਹੀ ਨਹੀਂ ਸਗੋਂ-

"ਰਾਜੇ ਸ਼ੀਹ ਮਕਦਮ ਕੁਤੇ॥ਜਾਇ ਜਗਾਇਨ ਬੈਠੇ ਸੁਤੇ"॥(ਪੰ:1288)

ਅਤੇ "ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ਕੂੜ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ"॥(ਮਾਝ ਕੀ ਵਾਰ ਪੰ:145) ਕਹਿ ਕੇ ਲੋਕਾਂ ਵਿਚ ਨੰਗਾ ਕੀਤਾ।ਮਨੁੱਖ ਹੱਥੋਂ ਹੁੰਦੀ ਮਨੁੱਖ ਦੀ ਲੁੱਟ-ਖਸੁੱਟ ਅਤੇ ਕਾਣੀ ਵੰਡ ਦੇ ਵਿਰੁੱਧ ਲੋਕ ਸ਼ਕਤੀ ਨੂੰ ਲਾਮ ਬੰਦ ਕਰਨ ਲਈ ਲੋਟੂ ਸ਼੍ਰੇਣੀਆਂ ਵਿਰੁੱਧ ਲੋਹਾ ਲਿਆ ਅਤੇ ਉਨ੍ਹਾਂ ਬਦ-ਸ਼ਕਤੀਆਂ ਨੂੰ ਮਾਣਸ ਖਾਣੇ ਕਹਿ ਕੇ ਧਿਰਕਾਰਿਆ।

ਸਿੱਖੀ, ਮਨੁੱਖੀ ਆਜ਼ਾਦੀ ਅਤੇ 'ਸਰਬੱਤ ਦੇ ਭਲੇ' ਦੀ ਝੰਡਾ ਬਰਦਾਰ ਹੈ।ਗੁਰਬਾਣੀ ਦੇ ਸੱਚ ਤੋਂ ਰੌਸ਼ਨੀ ਲੈਕੇ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰਾਂ ਨੇ ਸਮਾਜ ਵਿਚ ਪਏ ਟੋਏ ਟਿਬਿਆਂ ਨੂੰ ਇਕ-ਸਾਰ ਕਰਨ ਲਈ ਇਨਕਲਾਬੀ ਸੰਘਰਸ਼ ਛੇੜਿਆ।

ਜਦੋਂ ਕਦੀ ਵੀ ਸਿੱਖ ਵਿਚਾਰਧਾਰਾ ਦੀ ਗੱਲ ਚਲਾਈ ਜਾਂਦੀ ਹੈ, ਤਾਂ ਕੁੱਝ ਅਖੌਤੀ ਅਗਾਂਹ-ਵਧੂ, ਇਸਦੇ ਪੁਰਾਤਨ ਸੰਘਰਸ਼-ਮਈ ਵਿਰਸੇ ਨੂੰ ਰਹੱਸਵਾਦ ਅਤੇ ਮਜ਼ਬੀ ਰੰਗ ਕਹਿ ਕੇ ਨੱਕ ਬੁੱਲ੍ਹ ਵੱਟਦੇ ਹਨ, ਪਰ ਇਨ੍ਹਾਂ ਝੂਠੇ ਅਗਾਂਹ-ਵਧੂਆਂ ਨੂੰ ਮਾਰਕਸ ਦੇ ਸਾਥੀ 'ਫਰੈਡਰਿਕ ਐਂਗਲਜ਼' ਦੇ ਇਹ ਸ਼ਬਦ ਯਾਦ ਰੱਖਣੇ ਚਾਹੀਦੇ ਹਨ; ਜੋ ਉਸਨੇ ਯੂਰਪ ਦੇ ਇਸਾਈ ਵਿਰਸੇ ਬਾਰੇ ਕਹੇ ਸਨ- "ਸਮਾਜ ਦੇ ਇਤਿਹਾਸ ਵਿਚ ਲੋਕਾਂ ਨੇ ਰਹੱਸਵਾਦ ਦੇ ਰੂਪ ਵਿਚ ਆਪਣੇ ਜਮਾਤੀ ਵਿਰੋਧੀਆਂ ਨਾਲ ਸਿਆਸੀ ਤੇ ਫੌਜੀ ਲੜਾਈਆਂ ਕੀਤੀਆਂ ਹਨ"।

ਇਸ ਹਿਸਾਬ ਨਾਲ ਸਿੱਖਾਂ ਦਾ ਮੁਗਲ ਹਕੂਮਤ ਨਾਲ ਕੀਤਾ ਹੋਇਆ ਲਹੂ ਡੋਲ੍ਹਵਾਂ ਸੰਘਰਸ਼, ਇਕ ਤਰ੍ਹਾਂ ਰਹੱਸਵਾਦ ਅਤੇ ਮਜ਼ਬੀ ਰੰਗ ਦਾ ਰੰਗਿਆ ਜਮਾਤੀ ਸੰਘਰਸ਼ ਹੀ ਸੀ।ਸਿੱਖ ਵਿਚਾਰਧਾਰਾ ਨਿਰੋਲ ਇਨਸਾਨੀਅਤ ਦੀ ਲਹਿਰ ਹੈ।ਇਸਦੇ ਰਚਨਹਾਰੇ ਨੇ ਬਿਗਾਨੇ ਹੱਕ ਖਾਣ ਅਤੇ ਕਿਸੇ ਗਰੀਬ ਦੇ ਮੂੰਹ ਵਿਚ ਪੈਂਦੀ ਬੁਰਕੀ ਖੋਹਣ ਨੂੰ 'ਮਾਣਸ ਦੀ ਰੱਤ ਪੀਣਾ' ਅਤੇ 'ਮੁਰਦਾਰ ਖਾਣਾ' ਲਿਖਿਆ ਹੈ, ਅਤੇ-

"ਹੱਕ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥(141)
ਜਾਂ-

"ਜੇ ਰਤ ਲਗੇ ਕਪੜੈ ਜਾਮਾ ਹੋਇ ਪਲੀਤੁ॥ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲ ਚੀਤੁ"॥(ਪੰ:140)
ਆਖ ਕੇ ਤ੍ਰਿਸਕਾਰਿਆ ਹੈ।ਇਹ ਸਿੱਖ ਲਹਿਰ ਹੀ ਸੀ, ਜਿਸ ਨੇ ਸਮਾਜ ਦੇ ਕਮਜ਼ੋਰ ਅਤੇ ਨਿਤਾਣੇ ਵਰਗ ਦੀ ਰੱਖਿਆ ਅਤੇ ਲੁਟੇਰੀ ਜਮਾਤ ਦੇ ਜਾਗੀਰਦਾਰ ਜਰਵਾਨਿਆਂ ਦੇ ਜ਼ੁਲਮ ਦੇ ਖਿਲਾਫ ਹਥਿਆਰ ਬੰਦ ਘੋਲ ਦਾ ਆਰੰਭ ਕੀਤਾ ਅਤੇ ਮਕੰਮਲ ਸਮਾਜਿਕ ਇਨਕਲਾਬ ਵੱਲ ਕਦਮ ਪੁੱਟੇ।ਸਿੱਖ ਵਿਚਾਰਧਾਰਾ ਸਮਾਜਿਕ ਤੇ ਧਾਰਮਿਕ ਇਨਕਲਾਬ ਦੀ ਜਨਨੀ ਸੀ।ਗੁਰਬਾਣੀ ਦੇ ਇੱਕ ਇੱਕ ਸ਼ਬਦ ਵਿੱਚੋਂ ਸਿੱਖੀ ਦੇ ਲੋਕ-ਹਿੱਤੀ ਪੈਂਤੜੇ ਤੇ ਜਰਵਾਣਾ ਵਿਰੋਧੀ ਇਨਕਲਾਬੀ ਰੋਲ ਦਾ ਸਪਸ਼ਟ ਝਲਕਾਰਾ ਪੈਂਦਾ ਹੈ।

**ਸਾਂਝੇ ਲੰਗਰ, ਇਕ ਪੰਗਤ, ਇਕ ਸੰਗਤ ਅਤੇ ਇਕੋ ਬਾਟੇ ਵਿਚ ਅੰਮ੍ਰਿਤ ਛਕਾ ਕੇ ਖਾਲਸੇ ਦੇ ਰਚਨਹਾਰੇ ਨੇ ਪਹਿਲੀ ਵਾਰ ਭਾਰਤ ਵਿਚ ਮਨੁੱਖੀ ਨਾ-ਬਰਾਬਰੀ, ਜ਼ਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭਾਰਤੀ ਹਿੰਦੂ ਸਮਾਜ ਦੇ ਅਣ-ਮਨੁੱਖੀ ਬੁਨਿਆਦੀ ਸਿਧਾਂਤਾਂ ਨੂੰ ਚਕਨਾਚੂਰ ਕਰ ਕੇ ਰੱਖ ਦਿੱਤਾ।**

ਸਿੱਖ ਲਹਿਰ ਭਾਰਤ ਦੀ ਪਹਿਲੀ ਲੋਕ ਹਿਤਕਾਰੀ ਲਹਿਰ ਸੀ, ਜਿਸ ਨੇ ਜਾਗੀਰਦਾਰੀ ਸਿਸਟਮ ਨੂੰ ਸਿੱਧੀ ਵੰਗਾਰ ਦੇ ਕੇ ਵਿਸ਼ਵ ਵਿਚ ਪਹਿਲਾ ਸਮਾਜਵਾਦੀ ਤੇ ਲੋਕ ਕਲਿਆਣਕਾਰੀ ਰਾਜ ਕਾਇਮ ਕੀਤਾ।ਭਾਵੇਂ ਉਸ ਸਮੇਂ ਦੇ ਹਾਲਾਤ ਅਨੁਸਾਰ ਇਹ ਰਾਜ ਪ੍ਰਬੰਧ ਸਥਾਈ ਨਾਂ ਰਹਿ ਸਕਿਆ, ਪਰ ਇਹ ਇਕ ਹਕੀਕਤ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦਾ ਅਪਣਾਇਆ ਹੋਇਆ ਲੋਕ ਰਾਜੀ ਅਤੇ ਫਿਊਡਲ ਵਿਰੋਧੀ ਕਲਿਆਣਕਾਰੀ ਸਿਸਟਮ ਹੀ ਬਾਅਦ ਵਿਚ ਫਰਾਂਸ ਅਤੇ ਚੀਨ ਵਿਚ ਪ੍ਰਚੱਲਤ ਹੋਇਆ, ਜਿਸਨੂੰ (ਕਮਿਊਨ) ਦਾ ਮੁੱਢਲਾ ਰੂਪ ਕਿਹਾ ਜਾ ਸਕਦਾ ਹੈ।ਸੋ ਕ੍ਰਾਂਤੀਕਾਰੀ ਸਿੱਖ ਲਹਿਰ ਨੂੰ ਹੀ ਇਹ ਮਾਣ ਹਾਸਲ ਹੈ, ਕਿ ਇਸਦੀ ਅਗਵਾਈ ਹੇਠ ਹੀ ਵਿਸ਼ਵ ਦਾ ਪਹਿਲਾ ਸਮਾਜਵਾਦੀ ਰਾਜ ਹੋਂਦ ਵਿਚ ਆਇਆ।

ਸਿੱਖ ਧਰਮ, ਆਮ ਲੋਕਾਂ ਦਾ ਧਰਮ ਹੈ ਅਤੇ ਇਹ ਹੀ ਕਾਰਨ ਹੈ, ਕਿ ਇਸਦਾ ਸਾਰਾ ਸਾਹਿਤ ਲੋਕ ਬੋਲੀ ਵਿਚ ਹੈ।ਇਸਦੇ ਧਾਰਮਿਕ ਅਤੇ ਸਮਾਜਿਕ ਸਿਧਾਂਤਾਂ ਦੀ ਵਿਆਖਿਆ ਕਰਨ ਲਈ ਕਿਸੇ **ਵਿਸ਼ੇਸ਼ ਜਮਾਤ** ਦੀ ਲੋੜ ਨਹੀਂ।

**ਸਿੱਖ ਧਰਮ ਆਪਣੇ ਆਰੰਭ ਕਾਲ ਤੋਂ ਹੀ ਇਕ ਵਿਲੱਖਣ ਅਤੇ ਨਿਆਰਾ ਧਰਮ ਸੀ।ਇਹ ਆਪਣੇ ਆਦਿ ਕਾਲ ਤੋਂ ਹੀ ਉਹ ਸਭ ਸ਼ਰਤਾਂ ਪੂਰੀਆਂ ਕਰਦਾ ਸੀ, ਜੋ ਕਿ ਸੰਪੂਰਨ ਧਰਮ ਲਈ ਜ਼ਰੂਰੀ ਸਨ।ਜਿਵੇਂ ਇਬਾਦਤ ਲਈ ਰੱਬੀ ਬਾਣੀ, ਕੀਰਤਨ ਲਈ ਨੂਰ ਦਾ ਸੋਮਾ ਹਰਿਮੰਦਰ ਸਾਹਿਬ, ਇਸ਼ਨਾਨ ਲਈ ਪਵਿੱਤਰ ਅੰਮ੍ਰਿਤ-ਸਰੋਵਰ, ਸੰਗਤ ਪੰਗਤ ਲਈ ਗੁਰੂ ਕਾ ਲੰਗਰ ਅਤੇ ਸਮਾਜੀ ਇਕਸਾਰਤਾ ਲਈ ਖੰਡੇ ਦਾ ਅੰਮ੍ਰਿਤ।ਇਸ ਤਰ੍ਹਾਂ ਸਿੱਖ ਸਮਾਜ ਸ਼ੁਰੂ ਤੋਂ ਹੀ ਬਦਨਾਮ ਬ੍ਰਾਹਮਣਵਾਦ ਦੇ ਜੂਲੇ ਹੇਠੋਂ ਨਿੱਕਲ ਗਿਆ।**

ਇੰਨੇ ਲੋਕ ਪੱਖੀ, ਨਵੀਨ ਤੇ ਬਲਵਾਨ ਫਲਸਫੇ ਦੇ ਬਾਵਜੂਦ ਇਹ ਕੌੜੀ ਸਚਾਈ ਹੈ, ਕਿ ਅਸੀਂ ਆਪਣੀ ਵਰਤਮਾਨ ਅਤੇ ਭਾਵੀ ਪੀੜ੍ਹੀ (ਆਉਣ ਵਾਲੀ) ਨੂੰ ਸਿੱਖ ਸਿਧਾਂਤਾਂ ਅਨੁਸਾਰ ਨਹੀਂ ਢਾਲ ਸਕੇ।ਸਿੱਖ ਨੌਜਵਾਨ ਦਿਨੋਂ ਦਿਨ ਧਰਮ ਤੋਂ ਦੂਰ ਹੁੰਦਾ ਜਾ ਰਿਹਾ ਹੈ।ਕਿਉਂ? ਇਹ ਹੈ ਉਹ ਸਵਾਲਾਂ ਦਾ ਸਵਾਲ, ਜਿਸ ਬਾਰੇ ਕੌਮ ਨੂੰ ਅੱਜ ਮੁੱਖ ਕੌਮੀ ਮਸਲੇ ਦੇ ਤੌਰ ਤੇ ਵਿਚਾਰਨਾ ਤੇ ਹੱਲ ਕਰਨਾ ਚਾਹੀਦਾ ਹੈ।ਇਸ ਅਤੀ ਗੰਭੀਰ ਸਮੱਸਿਆ ਨੂੰ ਕੁੱਝ ਵਿਦਵਾਨ ਵਿਸ਼ਵ ਵਿਚ ਆਏ ਸਮੁੱਚੇ ਧਰਮ ਸੰਕਟ ਨਾਲ ਜੋੜਦੇ ਹੋਏ ਇਹ ਨਿਰਣਾ ਕਰਦੇ ਹਨ, ਕਿ ਇਹ ਸਮੱਸਿਆ ਕੋਈ ਇਕੱਲੇ ਸਿੱਖਾਂ ਦੀ ਨਹੀਂ, ਸਗੋਂ ਵਿਸ਼ਵ-ਵਿਆਪੀ ਹੈ, ਕਿਉਂਕਿ ਸੰਸਾਰ ਬਹੁਤ ਸੁੰਗੜ ਗਿਆ ਹੈ, ਇਸ ਲਈ ਕੋਈ ਵੀ ਧਰਮ ਜਾਂ ਵਿਚਾਰਧਾਰਾ ਇਕ ਦੂਜੇ ਦਾ ਪ੍ਰਭਾਵ ਗ੍ਰਹਿਣ ਕਰਨ ਤੋਂ ਬਗੈਰ ਨਹੀਂ ਰਹਿ ਸਕਦੀ।ਇਸਦੇ ਉਲਟ ਕੁੱਝ ਵਿਦਵਾਨ ਇਸ ਸਵਾਲ ਨੂੰ ਸਿੱਖਾਂ ਦੀ ਰਾਜ ਸ਼ਕਤੀ ਦੀ ਅਣਹੋਂਦ ਨਾਲ ਜੋੜਦੇ ਹੋਏ ਕਹਿੰਦੇ ਹਨ, ਕਿ ਕੋਈ ਵੀ ਧਰਮ ਜਾਂ ਵਿਚਾਰਧਾਰਾ ਰਾਜ ਸ਼ਕਤੀ ਬਿਨਾਂ ਜ਼ਿੰਦਾ ਨਹੀਂ ਰਹਿ ਸਕਦੀ।ਇਸ ਲਈ ਰਾਜ ਸ਼ਕਤੀ ਤੋਂ ਹੀਣੀ ਸਿੱਖ ਕੌਮ ਉਤੇ ਇਹ ਸੰਕਟ ਕੋਈ ਅਣਹੋਣਾ ਨਹੀਂ ਅਤੇ ਜੇ ਸਿੱਖ ਸ਼ਕਤੀ ਨੇ ਆਪਣੀਆਂ ਰਹੁ-ਰੀਤਾਂ, ਮਰਿਯਾਦਾ ਅਤੇ ਵਿਚਾਰਧਾਰਾ ਨੂੰ ਜਿਉਂਦੇ ਰੱਖਣਾ ਹੈ, ਤਾਂ ਇਸ ਨੂੰ ਰਾਜ ਸ਼ਕਤੀ ਦੀ ਪ੍ਰਾਪਤੀ ਵੱਲ ਕਦਮ ਪੁੱਟਣਾ ਹੀ ਪਵੇਗਾ।ਕਿਉਂਕਿ-

ਸ੍ਰੀ ਮੁਖ ਭਨਯੋ ਗਰੀਬ ਨਿਵਾਜ।ਸ਼ਸਤਰਨ ਕੇ ਅਧੀਨ ਹੈ ਰਾਜ।
ਰਾਜ ਬਿਨਾ ਨ ਧਰਮ ਚਲੇ ਹੈ।ਧਰਮ ਬਿਨਾ ਸਭ ਦਲੇ ਮਲੇ ਹੈਂ।

ਮਿਸਾਲ ਦੇ ਤੌਰ ਤੇ ਰਣਜੀਤ ਸਿੰਘ ਕਾਲ ਵਿਚ ਸਿੱਖ, ਰਾਜਨੀਤਕ ਸ਼ਕਤੀ ਦੇ ਰੂਪ ਵਿਚ ਉਭਰੇ ਤਾਂ ਸਿੱਖ ਰਹੁ-ਰੀਤ ਅਤੇ ਮਰਿਯਾਦਾ ਦਾ ਬੋਲ ਬਾਲਾ ਹੋ ਗਿਆ ਤੇ ਸਿੱਖਾਂ ਦੀ ਗਿਣਤੀ ਤੇਜ਼ੀ ਨਾਲ ਵਧੀ।ਪਰ ਜਿਉਂ ਹੀ ਸਿੱਖ ਰਾਜ ਸ਼ਕਤੀ ਦਾ 1849 ਈ: ਵਿਚ ਪਤਨ ਹੋ ਗਿਆ, ਤਾਂ ਸਿੱਖਾਂ ਦੀ ਗਿਣਤੀ ਨਿਰਾਸ਼ਾ ਦੀ ਹੱਦ ਤੱਕ ਘਟ ਗਈ।

ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਵਿਦਵਾਨ ਧਰਮ ਵੱਲੋਂ ਯੁਵਕਾਂ ਅਤੇ ਭਾਵੀ ਪੀੜ੍ਹੀ ਦੇ ਨਿਰਉਤਸ਼ਾਹਤ ਹੋਣ, ਅਤੇ ਉਨ੍ਹਾਂ ਦੀ ਧਰਮ ਵੱਲੋਂ ਵਧ ਰਹੀ ਅਰੁਚੀ ਦੇ ਕਈ ਵੱਖ ਵੱਖ ਕਾਰਣ ਦੱਸਦੇ ਹਨ।ਹੋ ਸਕਦਾ ਹੈ, ਉਨ੍ਹਾਂ ਵਿਚੋਂ ਕੋਈ ਕਾਰਣ ਸੱਚ ਦੇ ਨੇੜੇ ਵੀ ਹੋਵੇ, ਪਰ ਇਸ ਸਮੱਸਿਆ ਬਾਰੇ ਦੋ ਟੁੱਕ ਫੈਸਲਾ ਕਰਨ ਤੋਂ ਪਹਿਲਾਂ ਸਾਨੂੰ ਸਮੇਂ ਦੀ ਪੈੜ, ਧਰਮ ਦੇ ਅਤੇ ਸਮਾਜ ਦੇ ਖੇਤਰ ਵਿਚ ਆਉਂਦੀ ਨਿੱਤ ਨਵੀਂ ਲੱਚਕ, ਅਤੇ ਵਿਗਿਆਨ ਦੀ ਰੌਸ਼ਨੀ ਵਿਚ ਲਗਾਤਾਰ ਟੁੱਟ ਰਹੀਆਂ ਪੁਰਾਣਿਕ ਅਵਿਗਿਆਨਕ ਪਰੰਪਰਾਵਾਂ ਨੂੰ ਸਾਹਮਣੇ ਰੱਖ ਲੈਣਾ ਚਾਹੀਦਾ ਹੈ।

ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਆਦਿ ਕਾਲ ਤੋਂ ਲੈ ਕੇ ਅੱਜ ਤੋਂ ਇਕ ਸਦੀ ਪਹਿਲਾਂ ਤੱਕ ਸਿੱਖ ਧਰਮ ਨੂੰ ਜੋ ਖਤਰੇ ਸਨ, ਉਹ ਅੱਜ ਨਹੀਂ।ਅੱਜ ਦੇ ਲੋਕ-ਤਾਂਤਰਿਕ ਅਤੇ ਨਵੀਨ ਯੁਗ ਵਿਚ ਕਿਸੇ ਧਰਮ ਨੂੰ ਆਪਣੇ ਵਿਚ ਰਾਜਸੀ ਤਾਕਤ ਨਾਲ ਜਜ਼ਬ ਕਰ ਸਕਣਾ, ਇੰਨਾਂ ਆਸਾਨ ਨਹੀਂ, ਜਿੰਨਾਂ ਪਹਿਲਾਂ ਸਮਝਿਆ ਜਾਂਦਾ ਸੀ, ਸਗੋਂ ਆਪਾਂ ਜੇ ਇਹ ਕਹਿ ਦੇਈਏ ਕਿ ਅੱਜ ਦੇ ਯੁਗ ਵਿਚ ਅਜਿਹਾ ਸੰਭਵ ਨਹੀਂ ਤਾਂ ਇਹ ਅੱਤਕਥਨੀ ਨਹੀਂ ਹੋਵੇਗੀ।ਹਾਂ, ਜੇ ਫਲਸਫੇ ਵਿਚ ਹੀ ਜਾਨ ਨਾਂ ਹੋਵੇ ਤਾਂ ਗੱਲ ਵੱਖਰੀ ਹੈ।

ਇਸ ਤੋਂ ਪਹਿਲਾਂ ਕਿ ਅਸੀਂ ਸਿੱਖ ਵਿਚਾਰਧਾਰਾ ਨੂੰ ਵਰਤਮਾਨ ਸਮੇਂ ਵਿਚ ਪੇਸ਼ ਸੰਕਟ ਜਾਂ ਸਮੱਸਿਆਵਾਂ, ਉਨ੍ਹਾਂ ਦਾ ਹੱਲ, ਅਤੇ ਇਸ ਵਿਸ਼ਵ ਵਿਆਪਕ ਨਵੀਨ ਫਲਸਫੇ ਦੇ ਭਵਿੱਖ ਦੀ ਗੱਲ ਕਰੀਏ, ਤਾਂ ਸਾਨੂੰ ਅਜੋਕੇ ਯੁਗ ਦੇ ਸਮੁੱਚੇ ਵਿਸ਼ਵ ਧਰਮਾਂ ਨੂੰ ਪੇਸ਼ ਇਕ ਮੁੱਖ ਸਾਂਝੇ ਖਤਰੇ ਬਾਰੇ ਜਾਣ ਲੈਣਾ ਚਾਹੀਦਾ ਹੈ।**ਜਿਹੜੇ ਲੋਕ ਵਕਤ ਦੀ ਹਕੂਮਤ ਜਾਂ ਬਹੁ-ਸੰਮਤੀ ਦੇ ਧਰਮ ਨੂੰ ਕਿਸੇ ਦੂਜੇ ਘੱਟ ਗਿਣਤੀ ਦੇ ਧਰਮ ਲਈ ਖਤਰਾ ਮਿਥਦੇ ਹਨ, ਕਿਸੇ ਹੱਦ ਤੱਕ ਠੀਕ ਹੋਣ ਦੇ ਬਾਵਜੂਦ ਵੀ, ਉਹਨਾਂ ਅਸਲ ਸਮੱਸਿਆਵਾਂ ਤੋਂ ਦੂਰ ਭਟਕ ਰਹੇ ਹੁੰਦੇ ਹਨ**।ਜਾਂ ਤਾਂ ਉਹ ਅਜਿਹਾ ਆਪਣੀਆਂ ਪੀੜ੍ਹੀ ਦਰ ਪੀੜ੍ਹੀ ਤੁਰੀਆਂ ਆ ਰਹੀਆਂ ਧਾਰਮਿਕ ਪਰੰਪਰਾਵਾਂ ਤੋਂ ਪ੍ਰਭਾਵਤ ਹੋ ਕੇ ਕਰਦੇ ਹਨ ਜਾਂ ਸਮੇਂ ਦੇ ਸਿਆਸੀ, ਸਮਾਜੀ ਜਾਂ ਧਾਰਮਿਕ ਹਾਲਾਤ ਤੋਂ ਅਨਜਾਨ ਹੋਣ ਕਰਕੇ।

ਇਸਦੇ ਉਲਟ ਸਮੇਂ ਦੇ ਸਿਆਸੀ ਤੇ ਧਾਰਮਿਕ ਹਾਲਾਤ ਨੂੰ ਪੜਚੋਲਵੀਂ ਨਿਗ੍ਹਾ ਨਾਲ ਪਰਖਣ ਵਾਲੇ ਅਤੇ ਸਿਧਾਂਤਕ ਸੂਝ ਰੱਖਣ ਵਾਲੇ ਲੋਕ, ਛੋਟੀਆਂ ਤੇ ਸਥਾਨਕ ਸਮੱਸਿਆਵਾਂ ਤੋਂ ਬਹੁਤ ਅੱਗੇ ਜਾ ਕੇ, ਧਰਮ ਅਤੇ ਕਲਚਰ ਨੂੰ ਵਿਸ਼ਵ ਪੱਧਰ ਤੇ ਪੇਸ਼ ਆ ਰਹੇ ਖਤਰੇ, ਅਤੇ ਨਿਕਟ ਭਵਿੱਖ ਵਿਚ ਵਿਸ਼ਵ ਦੇ ਸਭ ਧਰਮਾਂ ਨੂੰ ਪੇਸ਼ ਆਉਣ ਵਾਲੇ ਸਾਂਝੇ ਅਤੇ ਭਿਆਨਕ ਖਤਰੇ ਬਾਰੇ ਸੋਚਦੇ ਹਨ।**ਉਹ ਖਤਰਾ, ਕਮਿਊਨਿਜ਼ਮ ਨਾਮ ਦੀ ਵਿਚਾਰਧਾਰਾ ਹੇਠ ਜਥੇਬੰਦਕ ਢੰਗ ਨਾਲ ਐਲਾਨੀਆਂ ਪ੍ਰਚਾਰੀ ਜਾ ਰਹੀ ਨਾਸਤਿਕਤਾ ਦਾ ਹੋ ਸਕਦਾ ਹੈ**।ਵੱਖ ਵੱਖ ਖੇਤਰਾਂ ਵਿਚ ਪ੍ਰਚੱਲਤ ਧਰਮ ਨੂੰ ਕੁੱਝ ਜਨੂੰਨੀ ਕਿਸਮ ਦੇ ਲੋਕਾਂ ਹੱਥੋਂ ਪੈਦਾ ਕੀਤੀਆਂ ਗਈਆਂ ਕੁੱਝ ਸਮੱਸਿਆਵਾਂ ਹੋਣ, ਪਰ ਫਿਰ ਵੀ ਵਿਸ਼ਵ ਦੇ ਵੱਖ ਵੱਖ ਧਰਮਾਂ ਵਿਚ ਅਨੇਕਾਂ ਭਿੰਨ ਭੇਦਾਂ ਦੇ ਬਾਵਜੂਦ ਇਕ ਵੱਡੀ ਸਾਂਝ ਹੈ; ਉਹ ਹੈ ਆਸਤਿਕਤਾ ਦੀ।ਅਰਥਾਤ ਇਕ ਸਰਵ ਸ਼ਕਤੀਵਾਨ ਪ੍ਰਮਾਤਮਾਂ ਦੀ ਹੋਂਦ ਵਿਚ ਵਿਸ਼ਵਾਸ਼ ਅਤੇ ਪ੍ਰਸਪਰ ਸਹਿ ਹੋਂਦ ਨੂੰ ਸਵੀਕਰਨਾ।

ਕਮਿਊਨਿਜ਼ਮ ਜਾਂ ਨਾਸਤਿਕਤਾ ਵਿਚ ਵਿਸ਼ਵਾਸ਼ ਰੱਖਣ ਵਾਲੇ ਲੋਕ ਆਮ ਤੌਰ ਤੇ ਆਸਤਿਕ ਲੋਕਾਂ ਤੇ ਅੰਨ੍ਹੀ ਕੱਟੜਤਾ ਦਾ ਦੋਸ਼ ਥੱਪਦੇ ਹਨ, ਅਤੇ ਵਿਸ਼ਵ ਦੀ ਤਵਾਰੀਖ ਵਿਚ ਧਰਮ ਦੇ ਨਾਂ ਤੇ ਹੋਏ ਤੁਅੱਸਬੀ ਜੰਗਾਂ ਦਾ ਹਵਾਲਾ ਦਿੰਦੇ ਹਨ, ਜਦੋਂ ਕਿ ਇਕ ਧਰਮ ਦੇ ਲੋਕਾਂ ਨੇ ਵਿਰੋਧੀਆਂ ਲਈ ਦੀਨ ਜਾਂ ਮੌਤ ਦਾ ਨਾਅਰਾ ਲਾਇਆ।ਯਕੀਨਨ, ਇਹ ਨਿੰਦਣਯੋਗ ਹੈ, ਪਰ ਸਵਾਲ ਇਹ ਹੈ, ਕਿ ਕਮਿਊਨਿਸਟ ਜਿਹੜੇ ਕੱਟੜ ਧਰਮੀਆਂ ਦੀ ਕੱਟੜਤਾ ਨੂੰ ਨਿੰਦਦੇ ਹਨ, ਕੀ ਉਹ ਆਪ ਅਜਿਹਾ ਨਹੀਂ ਕਰਦੇ?ਵਿਸ਼ਵ ਕਮਿਊਨਿਸਟ ਲਹਿਰ ਅਤੇ ਇਸਦੇ ਪੜਾ ਵਾਰ ਹੋਏ ਜ਼ਬਰੀ ਵਿਕਾਸ ਦਾ ਇਤਿਹਾਸ ਦੱਸਦਾ ਹੈ, ਕਿ ਹੁਣ ਤੀਕ ਕਮਿਊਨਿਜ਼ਮ ਦਾ ਸਭ ਤੋਂ ਵਿਸ਼ੇਸ਼ ਲੱਛਣ, ਜਬਰ ਹੀ ਸਾਬਤ ਹੋਇਆ ਹੈ।ਇਹ ਗੱਲ ਨਿੱਖਰ ਕੇ ਸਾਹਮਣੇ ਆਈ ਹੈ, ਕਿ ਧਰਮ ਤਾਂ ਵੱਖੋ ਵੱਖ ਰਹੁ ਰੀਤਾਂ ਰੱਖਦੇ ਹੋਏ ਵੀ, ਇਕ ਦੂਜੇ ਨੂੰ ਬਰਦਾਸ਼ਤ ਕਰ ਸਕਦੇ ਹਨ, ਅਤੇ ਪ੍ਰਸਪਰ ਸਹਿ ਹੋਂਦ ਨਾਲ ਰਹਿ ਸਕਦੇ ਹਨ, ਸਗੋਂ ਪ੍ਰਸਪਰ ਇਕ ਦੂਜੇ ਦਾ ਸਤਿਕਾਰ ਵੀ ਕਰਦੇ ਹਨ, ਪਰ ਕਮਿਊਨਿਸਟਾਂ ਦੀ ਡਿਕਸ਼ਨਰੀ ਵਿਚ ਪ੍ਰਸਪਰ ਸਹਿ ਹੋਂਦ ਨਾਂ ਦੀ ਕੋਈ ਚੀਜ਼ ਨਹੀਂ।ਇਸਦੇ ਉਲਟ ਜੇ ਜ਼ਰਾਂ ਘੋਖਵੀਂ ਨਜ਼ਰੇ ਵੇਖਿਆ ਜਾਵੇ, ਤਾਂ ਕਮਿਊਨਿਸਟ ਕੱਟੜਤਾ, ਧਾਰਮਿਕ ਕੱਟੜਤਾ ਤੋਂ ਕਿਤੇ ਜ਼ਿਆਦਾ ਮਾਰੂ ਹੈ, ਅਤੇ ਇਸਨੇ **ਪਾਰਟੀ ਜਾਂ ਮੌਤ** ਚੋਂ ਇਕ ਚੁਨਣ ਦਾ ਮਨੁੱਖਤਾ ਵਿਰੋਧੀ ਰਵਈਆ ਐਲਾਨਿਆਂ ਹੈ।'ਬੀਟਰਸ ਅਤੇ ਸਿਡਨੀ ਵੈਬ' ਵਰਗੇ ਮਾਰਕਸਵਾਦੀ ਵੀ ਮਾਰਕਸਵਾਦ ਦੇ ਇਸ ਮਾਰੂ ਕੱਟੜਵਾਦ ਤੇ ਅਫਸੋਸ ਪ੍ਰਗਟ ਕਰਦੇ ਹਨ।

ਪਰ ਜਿਥੋਂ ਤੱਕ ਸਿੱਖ ਵਿਚਾਰਧਾਰਾ ਦਾ ਸਵਾਲ ਹੈ, ਇਸ ਬਾਰੇ ਅਜਿਹਾ ਸੋਚਣਾ ਵੀ ਪਾਪ ਹੈ।ਸਿੱਖ ਵਿਚਾਰ-ਧਾਰਾ ਹਰ ਤਰ੍ਹਾਂ ਦੀ ਕੱਟੜਤਾ, ਭਾਵੇਂ ਉਹ ਮਜ਼੍ਹਬੀ ਹੋਵੇ ਜਾਂ ਸਿਆਸੀ ਨੂੰ ਰੱਦ ਕਰਦੀ ਹੈ।ਸਿੱਖੀ ਦੀ ਬੁਨਿਆਦ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ" ਤੇ ਅਧਾਰਿਤ ਹੈ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥(ਪੰ:1349)
ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ॥(ਅਕਾਲ ਉਸਤਤਿ) ਮਹਾਨ ਸਿੱਖ ਵਿਚਾਰਧਾਰਾ ਦਾ ਮੈਨੀਫੈਸਟੋ ਹੈ।

ਪਰ ਇਸਦੇ ਉਲਟ ਧਰਮ ਅਤੇ ਕਮਿਊਨਿਜ਼ਮ ਦੋ ਆਮ ਵਿਰੋਧੀ ਗੱਲਾਂ ਹਨ।ਲੈਨਿਨ ਆਪਣੀ ਪ੍ਰਸਿੱਧ ਪੁਸਤਕ 'ਲੈਨਿਨ ਆਫ ਰੀਲੀਜਿਅਨ' ਵਿਚ ਲਿਖਦਾ ਹੈ, ਕਿ 'ਨਾਸਤਿਕਤਾ ਕਮਿਊਨਿਜ਼ਮ ਦਾ ਅਨਿੱਖੜਵਾਂ ਅੰਗ ਹੈ'।

ਕਾਰਲ ਮਾਰਕਸ ਵੀ ਧਰਮ ਨੂੰ ਨਿੰਦਦਾ ਹੋਇਆ 'ਅਫੀਮ' ਕਹਿੰਦਾ ਹੈ।ਸੋ ਸਪਸ਼ਟ ਹੈ ਕਿ ਮਾਰਕਸਵਾਦ ਵਿਚ ਕਿਸੇ ਰੂਪ ਵਿਚ ਵੀ ਧਰਮ ਦੀ ਕੋਈ ਥਾਂ ਨਹੀਂ ਹੋ ਸਕਦੀ ਅਤੇ ਧਰਮ ਦਾ ਮੁਕੰਮਲ ਖਾਤਮਾਂ ਹੀ ਕਮਿਊਨਿਜ਼ਮ ਦੀ ਆਧਾਰਸ਼ਿਲਾ ਹੈ।

ਇਸ ਤੋਂ ਪਹਿਲਾਂ ਕਿ ਅਸੀਂ ਮਾਰਕਸਵਾਦ ਦੇ ਅਸਲੀ ਅਣ-ਮਨੁੱਖੀ ਘਿਨਾਉਣੇ ਚਿਹਰੇ ਤੋਂ ਪਰਦਾ ਫਾਸ਼ ਕਰੀਏ, ਸਾਨੂੰ ਮਨੁੱਖ ਦੇ ਅਜੋਕੇ ਸਮਾਜਿਕ ਤੌਰ ਤੇ ਉਨਤ ਰੂਪ ਤੱਕ ਪਹੁੰਚਣ ਲਈ ਤਹਿ ਕੀਤੇ ਮਨੁਖੀ ਵਿਕਾਸ ਦੇ ਪੜਾਵਾਂ ਬਾਰੇ ਜਾਨਣਾ ਚਾਹੀਦਾ ਹੈ।ਅੱਜ ਦਾ ਯੁਗ, ਲੋਕ-ਰਾਜ ਅਤੇ ਪਰਜਾਤੰਤ੍ਰ ਦਾ ਯੁਗ ਹੈ।ਪਰ ਆਪਣੇ ਆਰੰਭ ਕਾਲ ਵਿਚ ਜਦੋਂ ਮਨੁੱਖ ਨੇ ਪਹਿਲੀ ਵਾਰ 'ਜਥੇਬੰਦੀ' ਦੀ ਲੋੜ ਮਹਿਸੂਸ ਕੀਤੀ ਤਾਂ ਕਿ ਖੂੰਖਾਰ ਜੰਗਲੀ ਜਾਨਵਰਾਂ ਦਾ ਮਿਲ ਕੇ ਟਾਕਰਾ ਤੇ ਸ਼ਿਕਾਰ ਕੀਤਾ ਜਾ ਸਕੇ, ਤਾਂ ਮਨੁੱਖ ਨੇ ਜਿਹੜਾ ਗ੍ਰੋਹ ਉਦੋਂ ਬਣਾਇਆ, ਉਹ ਅੱਜ ਦੀਆਂ ਸਿਆਸੀ, ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਦਾ ਮੁੱਢਲਾ ਰੂਪ ਸੀ।ਇਸ ਤੋਂ ਬਾਅਦ ਜਿਉਂ ਜਿਉਂ ਸਮੇਂ ਦੀ ਲੋੜ ਅਨੁਸਾਰ ਮਨੁੱਖੀ ਸੂਝ-ਬੂਝ ਵਧਦੀ ਗਈ, ਤਿਉਂ ਤਿਉਂ ਮਨੁੱਖ ਗਰੋਹਾਂ ਤੋਂ ਵੱਖ ਵੱਖ ਟੱਬਰਾਂ, ਟੋਲਿਆਂ ਅਤੇ ਕਬੀਲਿਆਂ ਦੀ ਸ਼ਕਲ ਵਿਚ ਜਥੇਬੰਦ ਹੋ ਗਿਆ। ਹੋਰ ਅੱਗੇ ਜਾ ਕੇ ਕਬੀਲਿਆਂ ਨੇ ਛੋਟੇ ਛੋਟੇ ਇਲਾਕੇ ਮੱਲ ਕੇ ਨਿੱਕੇ ਨਿੱਕੇ ਰਾਜ ਕਾਇਮ ਕਰ ਲਏ ਅਤੇ ਕੁਦਰਤੀ ਸ਼ਕਤੀਆਂ ਅਤੇ ਉਦੋਂ ਦੀ ਮਨੁੱਖੀ ਸੂਝ ਤੋਂ ਪਰ੍ਹੇ ਦੇ ਅਜੂਬਿਆਂ ਨੂੰ ਰੱਬ ਜਾਂ ਸ਼ਕਤੀ ਮਿੱਥ ਕੇ ਅੱਡ ਅੱਡ ਰੂਪਾਂ ਵਿਚ ਉਸਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਅਤੇ ਕਬੀਲੇ ਦਾ ਸਰਦਾਰ ਰੱਬ ਦਾ ਥਾਪਿਆ ਹੋਇਆ, ਰੱਬੀ-ਹਾਕਮ ਮੰਨਿਆਂ ਜਾਣ ਲੱਗਾ।ਇਸ ਤੋਂ ਅੱਗੇ ਬਾਦਸ਼ਾਹ ਅਤੇ ਜਾਗੀਰਦਾਰੀ ਦਾ ਦੌਰ ਸ਼ੁਰੂ ਹੋਇਆ ਅਤੇ ਮਾਰਕਸ ਅਨੁਸਾਰ ਜਾਗੀਰਦਾਰੀ ਦੇ ਪੇਟੋਂ ਸਰਮਾਏ-ਦਾਰੀ ਨੇ ਜਨਮ ਲਿਆ, ਜੋ ਸਮੇਂ ਦੇ ਚੱਕਰ ਅਨੁਸਾਰ ਅੱਜ ਆਪਣੇ ਅੰਤਮ ਸਵਾਸਾਂ ਤੇ ਹੈ।ਸਰਮਾਏਦਾਰੀ ਨੇ ਜਿੱਥੇ ਹੋਰ ਚੰਗੇ ਮੰਦੇ ਕੰਮਾਂ ਨਾਲ ਮਨੁੱਖੀ ਵਿਕਾਸ ਨੂੰ ਅਗਾਂਹ ਤੋਰਿਆ ਹੈ, ਉਥੇ ਮਨੁੱਖੀ ਸਮਾਜ ਨੂੰ ਸਰਮਾਏਦਾਰੀ ਦੀ ਇਕ ਬੜੀ ਅਨੂਠੀ ਤੇ ਪਿਆਰੀ ਦੇਣ ਹੈ;-ਲੋਕ-ਰਾਜ।

ਅੱਜ ਤੋਂ ਲਗ-ਭਗ ਇਕ ਸ਼ਤਾਬਦੀ ਤੋਂ ਕੁੱਝ ਵਰ੍ਹੇ ਪਹਿਲਾਂ ਕੀਤੇ ਗਏ ਇਕ ਨਿਰਣੇ ਅਨੁਸਾਰ ਬਾਦਸ਼ਾਹਤ ਦੀ ਕੁੱਖੋਂ ਜਾਗੀਰਦਾਰੀ ਜਨਮਦੀ ਹੈ ਅਤੇ ਜਾਗੀਰਦਾਰੀ, ਸਰਮਾਏਦਾਰੀ ਦੀ ਜਨਨੀ ਹੈ।ਮਾਰਕਸ ਦੇ ਸ਼ਬਦਾਂ ਅਨੁਸਾਰ ਸਰਮਾਏ-ਦਾਰੀ ਦੇ ਗਰਭ ਵਿਚ ਇਨਕਲਾਬ ਪਲਦਾ ਹੈ।ਜਦੋਂ ਸਰਮਾਏਦਾਰੀ ਆਪਣੀ ਚਰਮ ਸੀਮਾਂ ਤੇ ਪਹੁੰਚ ਜਾਂਦੀ ਹੈ ਅਤੇ ਦੌਲਤ ਕੁੱਝ ਹੱਥਾਂ ਵਿਚ ਸਿਮਟ ਕੇ ਰਹਿ ਜਾਂਦੀ ਹੈ ਤਾਂ ਲੁੱਟੇ ਪੁੱਟੇ ਲੋਕ ਜਿੰਨ੍ਹਾਂ ਨੂੰ ਮਾਰਕਸ 'ਪ੍ਰੋਲਤਾਰੀ' ਕਹਿੰਦਾ ਹੈ ਖੂੰਨੀ ਤੇ ਹਥਿਆਰਬੰਦ ਬਗਾਵਤ ਰਾਹੀਂ ਸਮਾਜ ਅਤੇ ਸਟੇਟ ਤੇ ਕਾਬਜ਼ ਹੋ ਜਾਂਦੇ ਹਨ।ਇਸ ਤਰ੍ਹਾਂ ਸਰਮਾਏਦਾਰੀ ਆਪਣੀ ਮੌਤੇ ਆਪ ਮਰ ਜਾਂਦੀ ਹੈ।

ਓਪਰੀ ਨਜ਼ਰੇ ਵੇਖਿਆਂ 'ਮਾਰਕਸ ਦਾ ਇਹ ਨਿਰਣਾ ਬੜਾ ਕੁਦਰਤੀ ਅਤੇ ਵਿਗਿਆਨਕ ਜਾਪਦਾ ਹੈ, ਅਤੇ ਮਾਰਕਸਵਾਦੀ ਕਹਿੰਦੇ ਵੀ ਇਸਨੂੰ ਵਿਗਿਆਨਕ ਹੀ ਹਨ, ਪਰਅਸਲ ਤੌਰ ਤੇ ਇਹ ਨਿਰਾ ਸ਼ਬਦ-ਜਾਲ ਹੈ।

ਅਸਲ ਚ ਮਾਰਕਸੀ ਵਿਚਾਰਧਾਰਾ ਇਕ ਨਿਰਾਸ਼ ਤੇ ਵਿਰੋਧੀ ਵਿਚਾਰਧਾਰਾਹੈ।ਮਾਰਕਸ ਸਰਮਾਏਦਾਰੀ ਦੇ ਅੰਤ ਦੇ ਬਾਅਦ ਦਿਸ਼ਾਹੀਣ ਹੋ ਜਾਂਦਾ ਹੈ।ਜਦੋਂ ਉਹ ਆਪਣੇ 'ਵਿਗਿਆਨਕ ਨਜ਼ਰੀਏ' ਮੁਤਾਬਿਕ ਪੜਾਅ ਵਾਰ ਸਫਰ ਕਰਦਾ ਕਰਦਾ ਸਰਮਾਏਦਾਰੀ ਦੇ ਅੰਤ ਤੇ ਪੁੱਜਦਾ ਹੈ, ਤਾਂ ਉਸਨੂੰ ਚਾਰੋਂ ਤਰਫ ਹਨੇਰਾ ਹੀ ਹਨੇਰਾ ਨਜ਼ਰ ਆਉਂਦਾ ਹੈ।ਇਹੋ ਹੀ ਕਾਰਣ ਹੈ ਕਿ ਸਰਮਾਏਦਾਰੀ ਦੀ ਮੌਤ ਤੋਂ ਬਾਅਦ 'ਮਾਰਕਸ' ਲੋਕਾਂ ਨੂੰ ਕੋਈ ਉਸਾਰੂ ਸੇਧ ਦੀ ਬਜਾਇ 'ਜੰਗਲ ਦਾ ਕਾਨੂੰਨ' ਲਾਗੂ ਕਰਨ ਦਾ ਸੱਦਾ ਦਿੰਦਾ ਹੈ, ਜਿਸਨੂੰ ਉਹ ਆਪਣੇ ਰੰਗੀਨ ਸ਼ਬਦਾਂ ਵਿਚ ਰਾਜ-ਰਹਿਤ ਸਮਾਜ Stateless Society ਕਹਿੰਦਾ ਹੈ।ਸੋ ਸਪਸ਼ਟ ਹੈ ਕਿ ਮਾਰਕਸਵਾਦ ਇਕ ਲੋਕ ਰਾਜ ਵਿਰੋਧੀ ਅਤੇ ਨਵੀਂ ਕਿਸਮ ਦੀ ਸਮੂਹਿਕ ਤਾਨਾਸ਼ਾਹੀ ਹੈ, ਜਿਸ ਵਿਚ ਚਾਤਰ ਲੋਕਾਂ ਦਾ ਗ੍ਰੋਹ ਸਮਾਜ ਦੀ ਕੁੱਲ ਪੂੰਜੀ ਅਤੇ ਸਟੇਟ ਤੇ ਕਬਜ਼ਾ ਕਰਕੇ, ਮਨੁੱਖੀ ਸੂਝ ਨੂੰ ਜਾਮ ਕਰਕੇ ਇਕ ਨਵੀਂ ਤਰ੍ਹਾਂ ਦੀ ਨਿਰੰਕੁਸ਼ ਬਾਦਸ਼ਾਹੀ ਵੱਲ ਮੋੜਦਾ ਹੈ।

ਵਿਸ਼ਵ ਵਿਚ ਹੁਣ ਤੱਕ ਦੇ ਮਾਰਕਸਵਾਦੀ ਅਮਲ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਮਾਰਕਸਵਾਦ ਮਨੁੱਖੀ ਆਜ਼ਾਦੀ ਦਾ ਜਾਮਨ ਨਹੀਂ ਸਗੋਂ ਕਾਤਲ ਹੈ।ਇਹ ਸਮੇਂ ਦੀ ਚਾਲ ਨੂੰ ਪੁੱਠਾ ਗੇੜਾ ਦੇਣ ਦੀ ਗੱਲ ਹੈ।

ਅੱਜ ਜਦੋਂ ਕਮਿਊਨਿਸਟ ਹੁਸੀਨ ਮਾਰਕਸੀ ਸ਼ਬਦਾਵਲੀ ਚ ਲਪੇਟ ਕੇ 'ਲੋਕ ਰਾਜ' 'ਮਨੁੱਖੀ ਅਜ਼ਾਦੀ' 'ਸੰਸਾਰ ਅਮਨ' ਅਤੇ ਜਮਹੂਰੀਅਤ ਦੀ ਗੱਲ ਕਰਦੇ ਹਨ ਤਾਂ ਇਉਂ ਲੱਗਦਾ ਹੈ ਜਿਵੇਂ 'ਸ਼ੈਤਾਨ' ਕੁਰਾਨ ਦੀਆਂ ਆਇਤਾਂ ਪੜ੍ਹ ਰਿਹਾ ਹੋਵੇ।ਸੋ, ਸਪਸ਼ਟ ਹੈ ਕਿ 'ਲੋਕ ਰਾਜ' ਅਤੇ 'ਕਮਿਊਨਿਜ਼ਮ' ਦੋ ਆਪਾ ਵਿਰੋਧੀ ਅਮਲ ਹਨ, ਜਿੰਨ੍ਹਾਂ ਦਾ ਕਿਤੇ ਵੀ ਮੇਲ ਸੰਭਵ ਨਹੀਂ।

ਮਾਰਕਸ ਦੇ ਮੁੱਢਲੇ ਅਸੂਲਾਂ ਅਨੁਸਾਰ ਪਰਜਾ-ਤੰਤਰ ਅਤੇ ਵਿਗਿਆਨਕ ਢੰਗਾਂ ਤਰੀਕਿਆਂ ਵਿਚ ਵਿਸ਼ਵਾਸ਼ ਰੱਖਣਾ ਇਨਕਾਬ ਵਿਰੋਧੀ ਅਮਲ ਹੈ।ਮਾਰਕਸ ਪਾਰਲੀਮੈਂਟਰੀ ਸਿਸਟਮ ਨੂੰ ਰੱਦ ਕਰਦਾ ਹੈ, ਅਤੇ ਪਾਰਲੀਮੈਂਟ, ਅਸੈਂਬਲੀਆਂ ਆਦਿ ਨੂੰ 'ਸਰਾਂ ਦਾ ਵਾੜਾ' ਕਹਿ ਕੇ ਨਿੰਦਦਾ ਹੈ।

ਕਾਰਲ ਮਾਰਕਸ ਲੋਕ ਤੰਤਰ ਅਤੇ ਪਾਰਲੀਮੈਂਟਰੀ ਸੈਸਟਮ ਦਾ ਏਨਾ ਘੋਰ ਵਿਰੋਧੀ ਹੈ ਕਿ ਉਹ ਕਿਸੇ ਸਾਂਝੀ ਸਰਕਾਰ ਵਿਚ ਸ਼ਾਮਲ ਕਮਿਊਨਿਸਟਾਂ ਨੂੰ ਬਿਜਲੀ ਦੇ ਕੰਡਕਟਰ ਨਾਲ ਤੁਲਣਾ ਦਿੰਦਾ ਹੈ ਕਿ ਜਿਸ ਤਰ੍ਹਾਂ ਇਮਾਰਤਾਂ ਤੇ ਲੱਗੇ ਬਿਜਲੀ ਦੇ ਕੰਡਕਟਰ ਇਮਾਰਤਾਂ ਨੂੰ ਅਸਮਾਨੀ ਬਿਜਲੀ ਦੇ ਰੋਹ ਤੋਂ ਬਚਾਉਂਦੇ ਹਨ, ਇਸੇ ਤਰ੍ਹਾਂ ਕੁਲੀਸ਼ਨ ਸਰਕਾਰਾਂ

ਵਿਚ ਭਾਈਵਾਲ ਕਮਿਊਨਿਸਟ ਸਰਕਾਰ ਅਤੇ ਸਟੇਟ ਦੀ ਲੋਕ-ਰੋਹ' ਤੋਂ ਰਖਵਾਲੀ ਕਰਦੇ ਹਨ ਅਤੇ ਲੋਕ ਸੰਘਰਸ਼ ਨੂੰ ਤਿੱਖਾ ਕਰਨ ਦੀ ਬਜਾਇ ਖੁੰਢਾ ਕਰਦੇ ਹਨ।

ਮਾਰਕਸ ਸਟੇਟ ਨੂੰ ਚਕਨਾਚੂਰ ਕਾਰਨਾਂ ਚਾਹੁੰਦਾ ਹੈ।ਉਸ ਅਨੁਸਾਰ ਸਟੇਟ-ਲੋਟੂ ਜਮਾਤ ਦੀ ਆਪਣੀ ਸਰਦਾਰੀ ਅਤੇ ਲੁੱਟ ਖਸੁੱਟ ਕਾਇਮ ਰੱਖਣ ਦੀ ਸੰਸਥਾ ਹੈ।ਕੀ ਇਹ ਹੀ ਮਾਰਕਸਵਾਦ (Scientific Sociolism) ਵਿਗਿਆਨਕ ਸਮਾਜਵਾਦ ਹੈ?

ਕਮਿਊਨਿਸਟਾਂ ਦੀ ਜਿਹੜੀ ਗੱਲ ਅੱਜ ਦੇ ਯੁਗ ਦੀ ਸਭ ਤੋਂ ਹਾਸੋ-ਹੀਣੀ ਹੈ, ਉਹ ਹੈ ਕਮਿਊਨਿਜ਼ਮ ਨੂੰ ਵਿਗਿਆਨ (Science)ਕਹਿਣਾ।ਇਹ ਗੱਲ ਤਾ ਮਾਰਕਸ ਦੇ ਜੀਵਨ ਕਾਲ ਵਿਚ ਹੀ ਨਿਖਰ ਕੇ ਸਹਮਣੇ ਆ ਗਈ ਸੀ ਕਿ ਮਾਰਕਸਵਾਦ ਨੂੰ ਉਸਦੇ ਮੁਢਲੇ ਰੂਪ ਚ ਹੂ-ਬ-ਹੂ ਲਾਗੂ ਕਰ ਸਕਣਾ ਬਿਲਕੁਲ ਸੰਭਵ ਨਹੀਂ।ਇਸ ਲਈ ਖੁਦ ਮਾਰਕਸ ਅਤੇ ਬਾਅਦ ਵਿਚ ਸਟਾਲਨ, ਲੈਨਿਨ ਅਤੇ ਮਾਉ ਨੇ ਇਸ ਵਿਚ ਇੰਨੀਆਂ ਤਬਦੀਲੀਆਂ ਕੀਤੀਆਂ ਕਿ ਇਸਦੀ ਸ਼ਕਲ ਸੂਰਤ ਹੀ ਵਿਗੜ ਗਈ।ਅੱਜ ਪੂਰਬੀ ਅਤੇ ਪੱਛਮੀ ਯੂਰਪ ਦੇ ਕਮਿਊਨਿਸਟ ਐਲਾਨੀਆਂ ਇਸ ਵਿਚ ਅਜਿਹੀਆਂ ਤਬਦੀਲੀਆਂ ਕਰ ਰਹੇ ਹਨ, ਕਿ ਜਿੰਨ੍ਹਾਂ ਦੀ ਮਾਰਕਸ ਜਾਂ ਐਂਗਲਸ ਨੇ ਕਦੀ ਕਲਪਨਾ ਵੀ ਨਹੀਂ ਸੀ ਕੀਤੀ ਹੋਣੀ।

ਅਖੌਤੀ ਸਮਾਜਵਾਦ ਦੇ ਜਨਮ ਦਾਤਾ ਕਾਰਲ ਮਾਰਕਸ ਅਤੇ ਰਜਸੀ ਤੇ ਸਮਾਜਕ ਨਿਰਣੇ ਇੰਨੇ ਗਲਤ ਸਾਬਤ ਹੋਏ ਹਨ ਕਿ ਅੱਜ ਰੂਸ, ਚੀਨ ਜਾਂ ਇੰਨ੍ਹਾਂ ਦੇ ਕਬਜ਼ੇ ਹੇਠਾਂ ਦੇਸ਼ਾ ਵਿਚ ਪ੍ਰਚੱਲਤ ਰਾਜਸੀ ਬਣਤਰ ਵਿਚ ਮੁਢਲੇ ਕਮਿਊ-ਨਿਜ਼ਮ ਨਾਂ ਦੀ ਕੋਈ ਚੀਜ਼ ਨਹੀਂ ਦਿਸਦੀ, ਸਗੋਂ ਮਾਰਕਸ ਤੇ ਲੈਨਨ ਦੇ ਨਾਂ ਤੇ ਸਿਆਸੀ ਦੁਕਾਨਦਾਰੀ ਚਲਾਈ ਜਾ ਰਹੀ ਹੈ।ਮਾਰਕਸ ਅਤੇ ਲੈਨਨ ਵੱਲੋਂ ਲਏ ਗਏ ਨਿਰਣੇ, ਕੀਤੀਆਂ ਗਈਆਂ ਭਵਿੱਖਬਾਣੀਆਂ ਪੈਰ ਪੈਰ ਤੇ ਗਲਤ ਸਾਬਤ ਹੋਈਆਂ ਹਨ।ਇਸ ਲਈ ਉਨ੍ਹਾਂ ਨੂੰ ਵਿਗਿਆਨ ਦਾ ਨਾਂ ਦੇਣਾ, ਮਿਹਨਤਕਾਰਾਂ ਅਤੇ ਮਜ਼ਦੂਰਾਂ ਨਾਲ ਠੱਗੀ ਕਰਨ ਦੇ ਬਰਾਬਰ ਹੈ।

ਸਭ ਤੋਂ ਪਹਿਲਾਂ ਮਾਰਕਸ ਨੇ ਇਹ ਨਿਰਣਾ ਦਿੱਤਾ ਕਿ ਇਨਕਲਾਬ ਉਸ ਦੇਸ਼ ਵਿਚ ਆਏਗਾ, ਜਿਹੜਾ ਉਦਯੋਗਿਕ ਪੱਖੋਂ ਤਰੱਕੀ ਕਰ ਚੁੱਕਿਆਂ ਹੋਵੇਗਾ, ਕਿਉਂ ਕਿ ਮਜ਼ਦੂਰਾਂ ਦੇ ਮਜ਼ਬੂਤ ਸੰਗਠਨ ਹੀ ਇਨਕਲਾਬ ਲਿਆ ਸਕਦੇ ਹਨ।ਮਾਰਕਸ ਦੇ ਵਿਗਿਆਨਕ ਦ੍ਰਿਸ਼ਟੀਕੋਣ ਅਨੁਸਾਰ ਕ੍ਰਾਂਤੀ ਦੀ ਅਗਵਾਈ ਸਿਰਫ ਮਜ਼ਦੂਰ (ਪ੍ਰੋਲੋਤਾਰੀ) ਹੀ ਕਰ ਸਕਦੇ ਹਨ।ਮਾਰਕਸ ਇੰਨ੍ਹਾਂ ਨੂੰ 'ਝੁੱਡੂ' ਮੰਨਦਾ ਹੈ, ਅਤੇ ਉਨ੍ਹਾਂ ਨੂੰ ਕ੍ਰਾਂਤੀ ਲਿਆ ਸਕਣ ਜਾਂ ਕਿਸੇ ਇਨਕਲਾਬੀ ਲਹਿਰ ਦੀ ਅਗਵਾਈ ਕਰ ਸਕਣ ਦੇ ਯੋਗ ਨਹੀਂ ਗਿਣਦਾ।

ਮਾਰਕਸ ਅਨੁਸਾਰ ਕਿਸਾਨੀ ਬਗਾਵਤਾਂ ਸੀਮਤ ਤੌਰ ਤੇ ਇਨਕਲਾਬੀ ਹੁੰਦੀਆ ਹਨ, ਮੁਕੰਮਲ ਕ੍ਰਾਂਤੀਕਾਰੀ ਨਹੀਂ। ਪਰ ਮਜ਼ਦੂਰ ਕਿਉਂ ਕਿ ਸਰਮਾਏਦਾਰੀ ਦੇ ਚਰਮ ਸੀਮਾ ਤੇ ਪਹੁੰਚ ਜਾਣ ਕਰਕੇ ਨਿਰੰਕੁਸ਼ ਅਤੇ ਬੇਰਹਿਮ ਸਰਮਾਏਦਾਰੀ ਦੀ ਅੰਨ੍ਹੀ ਲੁੱਟ ਦਾ ਸ਼ਿਕਾਰ ਹੋ ਕੇ ਭੁੱਖ-ਮਰੀ ਦੀ ਹਾਲਤ ਤੱਕ ਪਹੁੰਚ ਜਾਣਗੇ, ਇਸ ਲਈ ਉਹ ਖੂਨੀ ਬਗਾਵਤ ਕਰਕੇ ਮੁਕੰਮਲ ਇਨਕਲਾਬ ਲੈ ਆਉਣਗੇ।ਇਥੋਂ ਤੱਕ ਕਿ ਮਾਰਕਸ ਨੇ ਸਪਸ਼ਟ ਭਵਿੱਖਬਾਣੀ ਕਰ ਦਿੱਤੀ ਕਿ ਸਭ ਤੋਂ ਪਹਿਲਾਂ ਜਰਮਨੀ, ਇੰਗਲੈਂਡ ਅਤੇ ਅਮਰੀਕਾ ਵਿਚ ਕਮਿਊਨਿਜ਼ਮ ਆਵੇਗਾ, ਕਿਉਂ ਕਿ ਇਹ ਦੇਸ਼ ਉਦਯੋਗਿਕ ਤੌਰ ਤੇ ਉਨਤ ਹੋ ਚੁੱਕੇ ਹਨ, ਅਤੇ ਮਾਰਕਸ ਦੇ ਅੰਦਾਜ਼ੇ ਅਨੁਸਾਰ ਕ੍ਰਾਂਤੀ ਲਈ ਤਿਆਰ ਸਨ।ਪਰ ਮਾਰਕਸ ਦੀਆਂ ਸਾਰੀਆਂ ਭਵਿੱਖ-ਬਾਣੀਆਂ ਧਰੀਆਂ ਦੀਆਂ ਧਰੀਆਂ ਰਹਿ ਗਈਆਂ ਜਦੋਂ ਉਸਦੇ ਅੰਦਾਜ਼ੇ ਦੇ ਉਲਟ ਕਮਿਊਨਿਸਟ ਰਾਜ ਪਲਟਾ ਇਕ ਕਿਸਾਨ ਪ੍ਰਧਾਨ ਅਤੇ ਉਦਯੋਗਿਕ ਤੌਰ ਤੇ ਪਛੜੇ ਹੋਏ ਦੇਸ਼, ਰੂਸ ਵਿਚ ਆਇਆ ਅਤੇ ਬਾਅਦ ਵਿਚ ਉਸ ਤੋਂ ਵੀ ਅੱਤ ਪਛੜੇ ਹੋਏ ਦੇਸ਼, ਚੀਨ ਵਿਚ।ਇਸ ਤਰ੍ਹਾਂ ਮਾਰਕਸ ਦੀ ਇਹ ਪਹਿਲੀ ਅਖੌਤੀ ਵਿਗਿਆਨਕ ਧਾਰਨਾ ਗਲਤ ਸਾਬਤ ਹੋਈ।ਕਾਰਨ ਸਪੱਸ਼ਟ ਹੈ ਕਿ ਮਾਰਕਸ ਜਾਂ ਐਂਗਲਸ ਨੇ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ, ਕਿ ਮਜ਼ਦੂਰ ਸਰਮਾਏਦਾਰੀ ਦਾ ਸ਼ਿਕਾਰ ਬਣ ਕੇ ਪ੍ਰੋਲਤਾਰੀ ਬਨਣ ਦੀ ਬਜਾਇ ਕਾਰਖਾਨਿਆਂ ਵਿਚ ਹਿੱਸੇਦਾਰ ਬਣ ਕੇ ਮੁਨਾਫੇ ਵਿਚੋਂ ਬੋਨਸ ਦੀ ਮੰਗ ਕਰਨਗੇ।ਅਸਲ ਵਿਚ ਮਾਰਕਸ ਨੇ ਆਪਣੇ ਸਮੇਂ ਦੇ ਹਾਲਾਤਾਂ ਅਨੁਸਾਰ ਹੀ ਨਿਰਣੇ ਕੱਢ ਕੇ ਭਵਿੱਖ-ਬਾਣੀਆਂ ਕਰ ਦਿੱਤੀਆਂ ਸਨ।ਆਪਣੇ ਸਮੇਂ ਤੋਂ ਅਗਾਂਹ ਜਾਂ ਤਾਂ ਉਹ ਜਾ ਹੀ ਨਹੀਂ ਸਕਿਆ ਜਾਂ ਉਸ ਨੇ ਲੋਕਾਂ ਨੂੰ ਏਨੇ ਝੁੱਡੂ ਸਮਝਿਆ ਕਿ ਜਾਨਣ ਦੀ ਕੋਸ਼ਿਸ਼ ਹੀ ਨਹੀਂ ਕੀਤੀ।

ਅਸਲ ਵਿਚ ਸਰਮਾਏਦਾਰੀ ਅਤੇ ਸਮਾਜਵਾਦ ਦਾ ਅਜੋਕਾ ਉਨਤ ਰੂਪ ਮਾਰਕਸ ਦੀ ਕਲਪਨਾ ਤੋਂ ਕਿਤੇ ਵੱਖਰਾ ਹੈ।ਜਿਸ ਤਰ੍ਹਾਂ ਪੂੰਜੀਵਾਦ ਨੇ ਆਪਣੇ ਆਪ ਨੂੰ ਸਮੇਂ, ਲੋੜ ਅਨੁਸਾਰ ਢਾਲਿਆ ਹੈ, ਇਸ ਬਾਰੇ ਮਾਰਕਸ ਨੂੰ ਕਦੇ ਚਿੱਤ ਖਿਆਲ ਵੀ ਨਹੀਂ ਸੀ।ਇਹੋ ਕਾਰਣ ਹੈ ਕਿ ਮਾਰਕਸਵਾਦ ਆਪਣੀ ਬਾਲ ਉਮਰੇ ਹੀ ਖੇਰੂੰ ਖੇਰੂੰ ਹੋ ਕੇ ਮਰਨ ਕੰਢੇ ਪਹੁੰਚ ਗਿਆ ਹੈ।ਜੋ ਟੁੱਟਿਆ-ਭੱਜਿਆ, ਖਸਤਾ ਹਾਲ ਹੋਇਆ, ਸਰਕਾਰੀ ਤਾਕਤ ਦੇ ਬਲ ਬੋਤੇ ਸਮਾਜਵਾਦ ਦਾ ਅਜੋਕਾ ਰੂਪ ਨਜ਼ਰ ਆਉਂਦਾ ਹੈ, ਇਹ ਮਾਰਕਸਵਾਦ ਦੀ ਕਲਪਨਾ ਕੀਤੇ ਸਮਾਜਵਾਦ ਤੋਂ ਇੰਨਾਂ ਭਿੰਨ ਹੈ, ਕਿ ਜੇ ਅੱਜ ਮਾਰਕਸ ਰੂਸ ਵਿਚ ਆ ਜਾਵੇ, ਤਾਂ ਉਹਨੂੰ ਵੀ ਕੇ.ਜੀ.ਬੀ ਦਾ ਸ਼ਿਕਾਰ ਹੋ ਕੇ, ਕਿਸੇ ਲੇਬਰ ਕੈਂਪ ਰੂਪੀ ਜੇਲ੍ਹ ਵਿਚ ਦਿਨ ਕੱਟਣੇ ਪੈਣ।

ਇਸ ਤਰ੍ਹਾਂ ਮਾਰਕਸ ਨੇ ਇਕ ਨਿਰਣਾ ਹੋਰ ਲਿਆ ਅਤੇ ਭਵਿੱਖ-ਬਾਣੀ ਕੀਤੀ ਸੀ, ਕਿ ਜਦੋਂ ਮਜ਼ਦੂਰ ਜਾਂ ਪ੍ਰੋਲਤਾਰੀ ਰਾਜ ਪਲਟੇ ਪਿੱਛੋਂ ਕਿਸੇ ਸਟੇਟ ਤੇ ਕਾਬਜ਼ ਹੋ ਜਾਣਗੇ, ਤਾਂ ਉਥੇ ਮਜ਼ਦੂਰਾਂ, ਮਿਹਨਤਕਸ਼ਾਂ ਤੇ ਪ੍ਰੋਲਤਾਰੀਆਂ ਦੀ ਹਕੂਮਤ ਹੋਵੇਗੀ।ਮਾਰਕਸ ਬੁਰਜਵਾ ਰਾਜ ਨੂੰ ਬਹੁ ਗਿਣਤੀ ਵਿਰੁੱਧ ਘੱਟ ਗਿਣਤੀ ਦਾ ਰਾਜ ਮੰਨਦਾ ਹੈ, ਪਰ ਕਿਉਂ ਕਿ ਮਜ਼ਦੂਰਾਂ ਤੇ ਲੁੱਟੇ ਜਾਣ ਵਾਲੇ ਪ੍ਰੋਲੋਤਾਰੀਆਂ ਦਾ ਰਾਜ ਹੋਵੇਗਾ, ਇਸ ਲਈ ਉਸ ਰਾਜ ਨੂੰ ਤਾਕਤ ਦੀ ਵਰਤੋਂ ਨਹੀਂ ਕਰਨੀ ਪਵੇਗੀ।ਇਸ ਤਰ੍ਹਾਂ ਰਾਜ ਇਕ ਫਾਲਤੂ ਚੀਜ਼ ਬਣ ਕੇ ਰਹਿ ਜਾਣਗੇ, ਅਤੇ ਹੌਲੀ ਹੌਲੀ ਬਿਲਕੁਲ ਅਲੋਪ ਹੋ ਜਾਣਗੇ।ਇਸ

ਤਰ੍ਹਾਂ ਮਾਰਕਸ ਦੇ ਸੁਪਨਿਆਂ ਦਾ ਰਾਜ-ਰਹਿਤ Stateless Society ਸਮਾਜ ਹੋਂਦ ਵਿਚ ਆ ਜਾਏਗਾ।ਪਰ ਵਿਸ਼ਵ ਵਿਚ ਆਏ ਕਮਿਊਨਿਸਟ ਰਾਜ ਪਲਟਿਆਂ ਨੂੰ ਵੇਖ ਕੇ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ, ਕਿ ਰਾਜ ਬਾਰੇ ਮਾਰਕਸ ਦਾ ਨਿਰਣਾ ਇਕ ਕੋਰੀ, ਪਰ ਹੁਸੀਨ ਕਲਪਨਾ ਹੀ ਸੀ, ਅਤੇ ਉਹ ਇਕ ਕਲਪਨਾ ਹੀ ਰਿਹਾ।ਜਿੱਥੇ ਜਿੱਥੇ ਵੀ ਕਮਿਊਨਿਸਟ ਸਰਕਾਰਾਂ ਕਾਇਮ ਹੋਈਆਂ ਹਨ, ਉਥੇ ਹੀ ਰਾਜ ਦਾ ਸਿਕੰਜਾ ਸਗੋਂ ਹੋਰ ਕੱਸਿਆ ਗਿਆ ਹੈ, ਅਤੇ ਮਨੁੱਖੀ ਸੁਤੰਤ੍ਰਤਾ ਦਾ ਬੁਰੀ ਤਰ੍ਹਾਂ ਹਨਨ ਕੀਤਾ ਗਿਆ ਹੈ; ਰਾਜ ਦਾ, ਮਨੁੱਖ ਦੀ ਨਿੱਜੀ ਸੁਤੰਤ੍ਰਤਾ ਵਿਚ ਦਾਖਲਾ ਹੋਰ ਵਧ ਗਿਆ ਹੈ।ਅੱਜ ਅਖੌਤੀ ਇਨਕਲਾਬ ਤੋਂ 63 ਸਾਲ ਬਾਅਦ ਵੀ ਰੂਸ ਅਤੇ ਉਸਦੇ ਸਿਕੰਜੇ ਵਿਚ ਫਸੇ ਪੱਛਮੀ ਯੂਰਪੀ ਦੇਸ਼ਾਂ ਵਿਚ ਰਾਜ ਦਾ ਜ਼ੁਲਮੀ ਪੰਜਾ ਕਿਸੇ ਵੀ ਹੋਰ ਲੋਕ-ਤੰਤਰੀ ਦੇਸ਼ ਨਾਲੋਂ ਜ਼ਿਆਦਾ ਸਖਤ ਹੈ।ਇਸ ਤਰ੍ਹਾਂ ਮਾਰਕਸ ਦੀ ਰਾਜ-ਰਹਿਤ ਸਮਾਜ (Stateless Society) ਦੀ ਭਵਿੱਖਬਾਣੀ ਵੀ ਕਲਪਨਾ ਹੀ ਰਹੀ ਅਤੇ ਵਿਵਹਾਰਕ ਤੌਰ ਤੇ ਵਿਸ਼ਵ ਦੇ ਕਿਸੇ ਵੀ ਹਿੱਸੇ ਵਿਚ ਲਾਗੂ ਨਾਂ ਹੋ ਸਕੀ।

ਰਾਜ ਰਹਿਤ ਸਮਾਜ ਵਾਂਗ ਹੀ ਮਾਰਕਸ ਨੇ ਇਕ ਹੋਰ ਹੁਸੀਨ ਭਵਿੱਖਬਾਣੀ ਕੀਤੀ ਸੀ, ਕਿ ਵਰਗ-ਰਹਿਤ ਸਮਾਜ (Classless Society) ਦੀ ਸਥਾਪਨਾ ਮਾਰਕਸ ਦਾ ਅਖੌਤੀ ਵਿਗਿਆਨਕ ਨਿਰਣਾ ਸੀ, ਕਿ ਪ੍ਰੋਲਤਾਰੀਆਂ ਦੇ ਰਾਜ ਪਲਟੇ ਤੋਂ ਬਾਅਦ ਜਿੱਥੇ ਸਟੇਟ ਖਤਮ ਹੋ ਜਾਵੇਗੀ, ਉਥੇ ਹੌਲੀ ਹੌਲੀ ਵਰਗਾਂ ਦਾ ਵੀ ਖਾਤਮਾਂ ਹੋ ਜਾਏਗਾ ਅਤੇ ਵਿਸ਼ਵ ਦੇ ਸਾਰੇ ਲੋਕ ਇਕ ਪੱਧਰ ਤੇ ਆ ਜਾਣਗੇ।ਮਾਰਕਸ ਦਾ ਵਿਚਾਰ ਸੀ ਕਿ ਮੱਧ ਵਰਗ ਦਾ ਖਾਤਮਾ ਯਕੀਨੀ ਹੈ, ਇਸ ਲਈ ਅੰਤ ਵਿਚ ਸਿਰਫ ਦੋ ਹੀ ਵਰਗ ਰਹਿ ਜਾਣਗੇ।ਇਕ ਪੂੰਜੀਪਤੀ ਅਤੇ ਦੂਜਾ ਸਰਵਹਾਰਾ ਵਰਗ।ਇਸ ਤਰ੍ਹਾਂ ਸਰਵਹਾਰਾ ਵਰਗ ਜਦੋਂ ਕ੍ਰਾਂਤੀ ਲਿਆਵੇਗਾ ਤਾਂ ਪੂੰਜੀਪਤੀ ਵਰਗ ਨੂੰ ਕੁਚਲ ਦਿੱਤਾ ਜਾਏਗਾ, ਅਤੇ ਰਾਜ ਦੀ ਕੁਲ-ਪੂੰਜੀ ਸਿਰਫ ਸਰਵਹਾਰੇ ਵਰਗ ਕੋਲ ਆ ਜਾਵੇਗੀ।ਇਸ ਤਰ੍ਹਾਂ ਸਿਰਫ ਇਕੋ ਸਰਵਹਾਰਾ ਜਾਂ ਪ੍ਰੋਲਤਾਰੀ ਵਰਗ ਹੀ ਰਹਿ ਜਾਏਗਾ, ਅਤੇ ਰਾਜ ਵਿਚ ਵਰਗ-ਰਹਿਤ ਸਮਾਜ ਸਥਾਪਤ ਹੋ ਜਾਵੇਗਾ।

ਕਾਰਲ ਮਾਰਕਸ ਦੀ ਮੱਧ ਸ਼੍ਰੇਣੀ ਦੇ ਖਾਤਮੇ ਬਾਰੇ ਕੀਤੀ ਭਵਿੱਖਬਾਣੀ ਹੈਰਾਨੀ ਦੀ ਹੱਦ ਤੱਕ ਗਲਤ ਸਾਬਤ ਹੋਈ ਹੈ।ਮੱਧ ਵਰਗ ਨਾਂ ਕੇਵਲ ਜ਼ਿੰਦਾ ਹੀ ਰਿਹਾ, ਸਗੋਂ ਦਿਨੋਂ ਦਿਨ ਵਧ ਫੁੱਲ ਰਿਹਾ ਹੈ।ਅੱਜ ਸੰਸਾਰ ਦੀ ਬਹੁਤੀ ਗਿਣਤੀ ਮੱਧ ਵਰਗ ਨਾਲ ਸਬੰਧਤ ਹੈ।ਇਸ ਤਰ੍ਹਾਂ ਕਾਰਲ ਮਾਰਕਸ ਦਾ ਇਹ ਅਖੌਤੀ ਵਿਗਿਆਨਕ ਨਿਰਣਾ ਵੀ ਸਮੇਂ ਨੇ ਗਲਤ ਸਾਬਤ ਕਰ ਦਿੱਤਾ।

ਮਾਰਕਸ ਨੇ ਪਾਰਲੀਮੈਂਟਰੀ ਰਾਜ-ਪ੍ਰਬੰਧ ਨੂੰ ਬੁਰਜਵਾ ਵਰਗ ਦੀ ਤਾਨਾਸ਼ਾਹੀ ਦਾ ਨਾਮ ਦੇ ਕੇ ਨਿੰਦਿਆ ਹੈ, ਅਤੇ ਇਸਦੇ ਉਲਟ ਉਸਨੇ ਸਰਵਹਾਰਿਆਂ, ਪ੍ਰੋਲਤਾਰੀਆਂ ਦੀ ਤਾਨਾਸ਼ਾਹੀ ਦੀ ਕਲਪਨਾ ਕੀਤੀ।ਸਪਸ਼ਟ ਹੈ ਕਿ ਮਾਰਕਸ ਖੁਦ ਜਾਣਦਾ ਸੀ, ਕਿ ਜਿਸ ਰਾਜ ਪ੍ਰਬੰਧ ਨੂੰ ਉਹ ਰੱਦ ਕਰ ਰਿਹਾ ਹੈ, ਉਸ ਰਾਜ ਪ੍ਰਬੰਧ ਵਿਚ ਹੀ ਉਸ ਨੂੰ ਲਿਖਣ, ਬੋਲਣ ਅਤੇ ਆਪਣੇ ਵਿਚਾਰ ਪ੍ਰਕਾਸ਼ਤ ਕਰਨ ਅਤੇ ਪ੍ਰਚਾਰਨ ਦੀ ਅਜਾਦੀ ਮਿਲ ਸਕੀ।ਕੀ ਇਹ ਸੁਤੰਰਤਾ, ਜਿਹੜੀ ਕਿ ਮਾਰਕਸ ਨੂੰ ਉਸਦੇ ਆਪਣੇ ਸ਼ਬਦਾਂ ਅਨੁਸਾਰ, ਬੁਰਜਵਾ ਵਰਗ ਦੀ ਤਾਨਾਸ਼ਾਹੀ ਵਿਚ ਮਿਲੀ?ਮਾਰਕਸ ਦੀ ਕਾਲਪਨਿਕ ਸਰਵਹਾਰਿਆਂ ਦੀ ਤਾਨਾਸ਼ਾਹੀ ਵਿਚ ਮਿਲਣ ਦੀ ਕਲਪਨਾ ਵੀ ਕੀਤੀ ਜਾ ਸਕਦੀ ਹੈ?ਅੱਜ ਕਮਿਊਨਿਸਟ ਰੂਸ ਅਤੇ ਚੀਨ ਜਾਂ ਇੰਨ੍ਹਾਂ ਦੇ ਸਿਕੰਜੇ ਵਿਚ ਫਸੇ ਦੇਸ਼ਾਂ ਵਿਚ ਜਿਸ ਤਰ੍ਹਾਂ ਲੋਕ ਆਵਾਜ਼ ਦਾ ਗਲਾ ਘੁੱਟਿਆ ਜਾ ਰਿਹਾ ਹੈ, ਅਤੇ ਲੋਕਾਂ ਦੇ ਪ੍ਰਚੰਡ ਰੋਹ ਨੂੰ ਟੈਂਕਾਂ ਅਤੇ ਤੋਪਾਂ ਨਾਲ ਦਬਾਇਆ ਜਾ ਰਿਹਾ ਹੈ, ਇਸ ਸਭ ਤੋਂ ਪ੍ਰਗਟ ਹੁੰਦਾ ਹੈ, ਕਿ ਮਾਰਕਸ ਦਾ 'ਪ੍ਰੋਲਤਾਰੀਆਂ ਦੀ ਤਾਨਾਸ਼ਾਹੀ' ਵਾਲਾ ਸੁਹਾਵਨਾ ਸੁਪਨਾ ਵੀ ਬੁਰੀ ਤਰ੍ਹਾਂ ਚਕਨਾਚੂਰ ਹੋਇਆ ਹੈ ਅਤੇ ਮਾਰਕਸੀ ਸੋਚ ਦੇ ਉਲਟ 'ਪ੍ਰੋਲਤਾਰੀਆਂ ਦੀ ਤਾਨਾਸ਼ਾਹੀ' ਚਲਾਕ ਕਮਿਊਨਿਸਟਾਂ ਦੇ ਇਕ ਗ੍ਰੋਹ ਦੀ ਤਾਨਾਸ਼ਾਹੀ ਬਣ ਗਈ।ਇਸ ਤਰ੍ਹਾਂ ਪਾਰਲੀਮਾਨੀ ਰਾਜਤੰਤ੍ਰ ਅਨੁਸਾਰ ਪ੍ਰੋਲਤਾਰੀਆਂ ਨੂੰ ਮਿਲਦੀਆਂ ਸਹੂਲਤਾਂ ਅਤੇ ਮੁਢਲੇ ਅਧਿਕਾਰਾਂ ਦਾ ਵੀ ਗਲਾ ਘੁੱਟ ਦਿੱਤਾ ਹੈ।ਇਸ ਤਰ੍ਹਾਂ ਇਸ ਰਾਜ-ਤੰਤ੍ਰ ਬਾਰੇ ਵਿਗਿਆਨਕ ਨਿਰਣਾ ਵੀ ਆਪਣੀ ਮੌਤੇ ਆਪ ਮਰ ਗਿਆ।

ਮਾਰਕਸਵਾਦੀ ਇਕ ਹੋਰ ਬੜਾ ਖੂਬਸੂਰਤ ਤੇ ਲੁਭਾਵਣਾ ਨਾਹਰਾ ਲਾਉਂਦੇ ਹਨ, ਉਹ ਹੈ ਸੰਸਾਰ ਅਮਨ ਅਤੇ ਜੰਗ ਦਾ ਤਿੱਖਾ ਵਿਰੋਧ।ਕਾਰਲ ਮਾਰਕਸ ਦਾ ਖਿਆਲ ਸੀ, ਕਿ 'ਜੰਗ' ਸਰਮਾਏਦਾਰੀ ਅਤੇ ਜਗੀਰਦਾਰੀ ਪ੍ਰਬੰਧ ਦੀ ਦੇਣ ਹੈ। ਜਿਉਂ ਹੀ ਸਰਮਾਏਦਾਰੀ ਦੀ ਸਫ ਲਪੇਟੀ ਗਈ ਅਤੇ ਸਮਾਜ ਦੀ ਵਾਗਡੋਰ ਸਰਵਹਾਰਾ ਵਰਗ ਕੋਲ ਆਈ, ਇਹ ਮਨੁੱਖ ਮਾਰੂ ਭਿਆਨਕ ਜੰਗਾਂ ਆਪਣੇ ਆਪ ਖਤਮ ਹੋ ਜਾਣਗੀਆਂ।ਉਸਦਾ ਵਿਚਾਰ ਇਹ ਸੀ ਕਿ ਕਮਿਊਨਿਸਟ ਕਿਉਂਕਿ ਸਾਮਰਾਜੀ ਨਹੀਂ ਹੁੰਦੇ, ਅਤੇ ਨਾਂ ਹੀ ਮਨੁੱਖ ਜਾਂ ਵਿਰੋਧੀ ਸਟੇਟ ਦੀ ਲੁੱਟ-ਖਸੁੱਟ ਕਰਦੇ ਹਨ।ਇਸ ਲਈ ਸਮਾਜਵਾਦੀ ਦੇਸ਼ਾਂ ਵਿਚ ਜੰਗ ਨਾਂ ਹੋਣ ਦਾ ਕੋਈ ਸਵਾਲ ਹੀ ਨਹੀਂ ਹੋਵੇਗਾ।ਸਾਮਰਾਜ ਅਤੇ ਸਰਮਾਏਦਾਰੀ ਦੀ ਮੌਤ ਦੇ ਨਾਲ ਹੀ ਜੰਗ-ਜੂ ਰੁਚੀ ਦੀ ਵੀ ਮੌਤ ਹੋ ਜਾਵੇਗੀ।ਪਰ ਜਦੋਂ ਅੱਜ ਕਮਿਊਨਿਸਟ ਸਮਾਜ ਵੱਲ ਨਿਗ੍ਹਾ ਮਾਰ ਕੇ ਦੇਖਦੇ ਹਾਂ, ਤਾਂ ਕਾਰਲ ਮਾਰਕਸ ਦਾ ਇਹ ਨਿਰਣਾ ਅਤੇ ਭਵਿੱਖਬਾਣੀ ਵੀ ਆਤਮਘਾਤ ਕਰਦੀ ਨਜ਼ਰ ਆਉਂਦੀ ਹੈ।ਅੱਜ ਦਾ ਰਾਜਸੀ ਤੌਰ ਤੇ ਚੇਤੰਨ ਮਨੁੱਖ ਹੈਰਾਨ ਹੈ, ਕਿ ਜੇ ਕਮਿਊਨਿਸਟ ਸਾਮਰਾਜੀ ਨਹੀਂ ਹਨ, ਤਾਂ ਉਹ ਆਪਣੇ ਸ਼ਿਕੰਜੇ ਵਿਚ ਫਸੀਆਂ ਬਦ-ਕਿਸਮਤ ਕਲੋਨੀਆਂ ਤੇ ਪਾਬੰਦੀ ਕਿਉਂ ਲਾਉਂਦੇ ਹਨ?ਇਨ੍ਹਾਂ ਦੇਸ਼ਾਂ ਦੀ ਆਜ਼ਾਦੀ ਲਈ ਜੂਝਦੇ ਲੋਕਾਂ ਦੀ ਆਵਾਜ਼ ਨੂੰ ਫੌਜੀ ਸ਼ਕਤੀ ਰਾਹੀਂ ਕਿਉਂ ਕੁਚਲਦੇ ਹਨ?ਅੱਜ ਰੂਸ ਅਤੇ ਚੀਨ ਆਹਮੋ ਸਾਹਮਣੇ ਕਿਉਂ ਖੜ੍ਹੇ ਹਨ?ਕੰਬੋਡੀਆ, ਵੀਅਤਨਾਮ, ਪੋਲੈਂਡ ਅਤੇ ਅਫਗਾਨਿ-ਸਤਾਨ ਵਿਚ ਕਿਉਂ ਹਥਿਆਰਾਂ ਦੀ ਨੋਕ ਤੇ ਲੋਕ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ?

ਕੀ ਇਸ ਸਭ ਕੁਝ ਦੇ ਬਾਵਜੂਦ ਵੀ ਇਹ ਕਿਹਾ ਜਾ ਸਕਦਾ ਹੈ, ਕਿ ਮਾਰਕਸਵਾਦ ਇਕ ਵਿਗਿਆਨਕ ਵਿਚਾਰਧਾਰਾ ਹੈ?ਮਾਰਕਸਵਾਦ ਦੀ ਹੁਸੀਨ ਕਲਪਨਾ ਸੀ, ਕਿ ਉਸਦੇ ਸੁਪਨਿਆਂ ਦੇ ਰਾਜ ਵਿਚ ਕੋਈ ਵਰਗ ਵਿਸ਼ੇਸ਼ ਸਥਾਨ ਨਹੀਂ ਰਹੇਗਾ।ਇਹ ਠੀਕ ਹੈ, ਕਿ ਉਥੇ ਪੁਰਾਣੇ ਵਰਗ ਸਥਾਪਤ ਹੋ ਗਏ ਹਨ, ਪਰ ਹੁਣ ਪੁਰਾਣੇ ਵਰਗ ਦੀ ਥਾਂ ਨਵੇਂ ਪੈਦਾ ਹੋ ਗਏ ਹਨ।

ਯੁਗੋਸਲਾਵੀਆ ਦੇ ਰਹਿ ਚੁੱਕੇ ਡਿਪਟੀ ਪ੍ਰਧਾਨ ਮੰਤ੍ਰੀ ਮਿਸਟਰ ਮਿਲੋਵਾਨ ਜਿਲਾਸ ਜਿਸਨੇ ਇਕ ਕਮਿਊਨਿਸਟ ਦੇ ਤੌਰ ਤੇ ਮਾਰਸ਼ਲ ਟੀਟੋ ਨਾਲ ਮਿਲ ਕੇ ਯੁਗੋਸਲਾਵੀਆ ਵਿਚ ਰਾਜ ਪਲਟਾ ਲਿਆਂਦਾ ਸੀ, ਉਹ ਆਪਣੀ ਪੁਸਤਕ ਜੋ ਉਨ੍ਹਾਂ ਨੇ 9 ਸਾਲ ਦੀ ਲੰਮੀ ਕਮਿਊਨਿਸਟ ਜੇਲ੍ਹ ਵਿਚ ਲਿਖੀ-ਵਿਚ ਲਿਖਦੇ ਹਨ, ਕਿ ਅਸੀਂ ਪੁਰਾਣੇ ਵਰਗ ਨੂੰ ਖਤਮ ਕਰ ਦਿੱਤਾ ਹੈ, ਪਰ ਹੁਣ ਇਕ ਨਵੇਂ ਹੁਕਮਰਾਨ ਤੇ ਲੁਟੇਰੇ ਵਰਗ ਨੇ ਜਨਮ ਲੈ ਲਿਆ ਹੈ।ਇਹ ਇਕ ਸਚਾਈ ਹੈ, ਕਿ ਅੱਜ ਸਾਰੇ ਕਮਿਊਨਿਸਟ ਦੇਸ਼ਾਂ ਵਿਚ ਇਕ ਵਿਸ਼ੇਸ਼ ਅਧਿਕਾਰ ਪ੍ਰਾਪਤ ਵਰਗ ਪੈਦਾ ਹੋ ਗਿਆ ਹੈ, ਜੋ ਕਿ ਕਮਿਊਨਿਸਟ ਪਾਰਟੀ ਦੇ ਅਹੁਦੇਦਾਰਾਂ ਅਤੇ ਮੈਨੇਜਰਾਂ ਤੇ ਆਧਾਰਤ ਹੈ।ਕੁੱਝ ਸਮਾਂ ਪਹਿਲਾਂ ਰੂਸ ਦੇ ਸਵਰਗਵਾਸੀ ਪ੍ਰਧਾਨ ਮੰਤ੍ਰੀ 'ਨਕੀਤਾ ਕੁਰਸਚੋਵ' ਨੇ ਵੀ ਲੋਕਾਂ ਵਿਚ ਦਿਨੋ ਦਿਨ ਵਧ ਰਹੀ ਵਰਗ ਭਾਵਨਾ ਤੇ ਚਿੰਤਾ ਪ੍ਰਗਟ ਕਰਦਿਆਂ ਇਕ ਲੇਖ ਵਿਚ ਲਿਖਿਆ ਸੀ ਕਿ, "ਮੈਨੂੰ ਸਮਝ ਨਹੀਂ ਆਉਂਦੀ ਕਿ ਕੀ ਕੀਤਾ ਜਾਵੇ, ਛੋਟੇ ਛੋਟੇ ਬੱਚਿਆਂ ਵਿਚ ਵੀ ਵਰਗ ਦੀ ਭਾਵਨਾ ਪੈਦਾ ਹੋ ਰਹੀ ਹੈ"। ਇਸ ਤਰ੍ਹਾਂ ਮਾਰਕਸ ਦੀ ਵਰਗ-ਰਹਿਤ ਸਮਾਜ ਦੀ ਕਲਪਨਾ ਵੀ ਸਿਰਫ ਕਲਪਨਾ ਹੀ ਰਹੀ।

ਕਾਰਲ ਮਾਰਕਸ ਦੇ ਅਖੌਤੀ ਵਿਗਿਆਨਕ ਸਮਾਜਵਾਦ ਦੇ ਪ੍ਰਚਾਰਕ, ਮਾਰਕਸ ਦੇ ਧਰਮ ਵਿਰੋਧ ਵਾਂਗ ਹੀ, ਇਕ ਹੋਰ ਗੱਲ ਨੂੰ ਲੋਕਾਂ ਕੋਲੋਂ ਲੁਕਾ ਲੁਕਾ ਕੇ ਰੱਖਣ ਦਾ ਯਤਨ ਕਰਦੇ ਹਨ-ਉਹ ਹੈ ਮਾਰਕਸ ਦਾ ਪਰਿਵਾਰ ਬਾਰੇ ਨਿਰਣਾ। ਮਾਰਕਸ ਟੱਬਰ ਦੀ ਬਣਤਰ ਨੂੰ ਵੀ ਬੁਰਜਵਾ ਪ੍ਰਬੰਧ ਹੀ ਮੰਨਦਾ ਹੈ।ਉਸਦਾ ਨਿਰਣਾ ਹੈ ਕਿ ਜਦੋਂ ਕਦੇ ਵੀ ਕਿਸੇ ਦੇਸ਼ ਵਿਚ ਅਖੌਤੀ ਕਮਿਊਨਿਸਟ ਇਨਕਲਾਬ ਆਵੇਗਾ, ਤਾਂ ਟੱਬਰਾਂ ਦੀ ਹੋਂਦ ਖਤਮ ਕਰ ਦਿੱਤੀ ਜਾਵੇਗੀ।ਮਾਰਕਸ ਦੇ 'ਵਿਗਿਆਨਕ ਸਮਾਜਵਾਦੀ' ਪ੍ਰਬੰਧ ਵਿਚ ਪਰਿਵਾਰ ਨਾਂ ਦੀ ਚੀਜ਼ ਲਈ ਕੋਈ ਥਾਂ ਨਹੀਂ।

ਮਾਰਕਸ ਦੇ ਵਿਚਾਰ ਅਨੁਸਾਰ ਸਮਾਜ ਵਿਚ ਸਮਾਨਤਾ ਲਿਆਉਣ ਅਤੇ ਵਰਗ-ਰਹਿਤ ਸਮਾਜ ਪੈਦਾ ਕਰਨ ਲਈ ਇਹ ਜ਼ਰੂਰੀ ਹੈ, ਕਿ ਸਮਾਜ ਵਿਚ ਇਕ ਮਨੁੱਖ ਦੇ ਦੂਜੇ ਮਨੁੱਖ ਨਾਲ ਖੂਨੀ ਅਤੇ ਜਜ਼ਬਾਤੀ ਸਬੰਧ ਤੇ ਰਿਸ਼ਤੇ ਖਤਮ ਕੀਤੇ ਜਾਣ।

ਮਾਰਕਸ ਐਲਾਨੀਆਂ ਕਹਿੰਦਾ ਹੈ ਕਿ ਕਮਿਊਨਿਸਟ ਸਮਾਜ ਵਿਚ ਨਾਂ ਕੋਈ ਔਰਤ ਕਿਸੇ ਦੀ ਪਤਨੀ ਹੋਵੇਗੀ ਅਤੇ ਨਾਂ ਹੀ ਕੋਈ ਮਰਦ ਕਿਸੇ ਔਰਤ ਦਾ ਪਤੀ।ਹਰੇਕ ਨੂੰ ਹਰ ਇਕ ਨਾਲ ਸਬੰਧ ਸਥਾਪਤ ਕਰਨ ਦੀ ਖੁਲ੍ਹ ਹੋਵੇਗੀ। 'ਵਿਆਹ' ਨਾਂ ਦਾ ਰਿਸ਼ਤਾ ਕਮਿਊਨਿਸਟ ਸਮਾਜ ਵਿਚ ਖਤਮ ਕਰ ਦਿੱਤਾ ਜਾਵੇਗਾ।ਇਸ ਤਰ੍ਹਾਂ ਦੀ ਖੁਲ੍ਹੇ ਸਬੰਧਾਂ ਦੁਆਰਾ ਪੈਦਾ ਹੋਈ ਔਲਾਦ ਸਿੱਧੀ ਰਾਜ ਦੇ ਹਵਾਲੇ ਹੋ ਜਾਵੇਗੀ ਅਤੇ ਕਿਸੇ ਦਾ ਕਿਸੇ ਦੂਜੇ ਨਾਲ ਕੋਈ ਖੂਨੀ ਰਿਸ਼ਤਾ ਨਹੀਂ ਰਹੇਗਾ।ਇਸ ਤਰ੍ਹਾਂ ਪੁਰਾਤਨ ਪ੍ਰੰਪਰਾਵਾਂ ਨੂੰ ਤੋੜ ਕੇ ਇਕ ਨਵੇਂ ਸਮਾਜ ਦੀ ਸਿਰਜਨਾ ਕੀਤੀ ਜਾਵੇਗੀ।

ਬੀਟਰਸ ਨੂੰ ਸਿਡਨੀ ਵੈਬਾ ਵਰਗੇ ਕਮਿਊਨਿਸਟ ਲੇਖਕ ਆਪਣੀ ਕਮਿਊਨਿਜ਼ਮ ਬਾਰੇ ਲਿਖੀ ਪੁਸਤਕ ਦੇ ਪੰ: 1060 ਤੇ ਕਮਿਊਨਿਸਟ ਸਿਸਟਮ ਵਿਚ ਪਰਿਵਾਰ ਦੀ ਬਣਤਰ ਬਾਰੇ ਲਿਖਦੇ ਹਨ ਕਿ ਮਾਰਕਸ ਅਨੁਸਾਰ ਨਵ ਸਿਰਜੇ ਕਮਿਊਨਿਸਟ ਸਮਾਜ ਵਿਚ ਪਤੀ ਪਤਨੀ ਦੀ ਰੀਤ ਖਤਮ ਕਰ ਦੇਣੀ ਚਾਹੀਦੀ ਹੈ।ਔਰਤ ਉਤੇ ਕਿਸੇ ਇਕ ਵਿਸ਼ੇਸ਼ ਵਿਅਕਤੀ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ।ਸਗੋਂ ਔਰਤ ਸਮਾਜ ਦੀ ਸਾਂਝੀ ਦੌਲਤ ਮੰਨੀ ਜਾਣੀ ਚਾਹੀਦੀ ਹੈ।

ਇਸ ਨੂੰ ਮਾਰਕਸ ਪਤਨੀਆਂ ਦਾ ਸਮਾਜ (Community of wifes) ਦਾ ਨਾਂ ਦਿੰਦਾ ਹੈ।ਇਸ ਤਰ੍ਹਾਂ ਮਾਰਕਸ ਔਰਤ ਨੂੰ ਰੁਪਏ ਪੈਸੇ ਤੇ ਮਸ਼ੀਨਾਂ ਵਾਂਗ ਹੀ ਸਮਝਦਾ ਹੈ, ਅਤੇ ਇਨ੍ਹਾਂ ਦੇ ਕੌਮੀ-ਕਰਨ ਦੀ ਸਲਾਹ ਦਿੰਦਾ ਹੈ।ਕੀ ਕੋਈ ਸੂਝਵਾਨ ਮਨੁੱਖ ਮਾਰਕਸ ਦੇ ਇਸ ਨਿਰਣੇ ਨੂੰ ਵਿਗਿਆਨਕ ਨਿਰਣਾ ਕਹਿ ਸਕਦਾ ਹੈ?

ਇਨਕਲਾਬ ਦੇ ਨਵੇਂ ਨਵੇਂ ਚਾਅ ਵਿਚ ਰੂਸੀ ਕਮਿਊਨਿਸਟ ਹਾਕਮਾਂ ਨੇ ਰੂਸ ਵਿਚ ਸ਼ੁਰੂ ਸ਼ੁਰੂ ਵਿਚ ਇਸ ਤਰ੍ਹਾਂ ਦੇ (ਕਮਿਊਨ) ਬਨਾਉਣ ਦੀ ਕੋਸ਼ਿਸ਼ ਵੀ ਕੀਤੀ ਸੀ, ਪਰ ਇਹ ਕੋਸ਼ਿਸ਼ ਬੁਰੀ ਤਰ੍ਹਾਂ ਫੇਲ੍ਹ ਹੋਈ।ਕਿਉਂ ਕਿ ਔਰਤਾਂ ਸਮਾਜਵਾਦ ਦੇ ਨਾਂ ਤੇ ਵੇਸਵਾਵਾਂ ਬਨਣ ਨੂੰ ਤਿਆਰ ਨਾਂ ਹੋਈਆਂ ਅਤੇ ਇਹਨਾਂ ਮਾਰਕਸੀ 'ਕਮਿਊਨਾ' ਵਿਚ ਖਾਸ ਔਰਤ ਦੀ ਕਿਸੇ ਖਾਸ ਮਰਦ ਵੱਲ ਕੁਦਰਤੀ ਹੀ ਖਿੱਚ ਹੋ ਜਾਂਦੀ ਸੀ ਤੇ ਆਪਸੀ ਮੋਹ ਹੋ ਜਾਂਦਾ ਸੀ।ਇਸ ਤਰ੍ਹਾਂ ਮਾਰਕਸ ਦਾ ਇਹ ਗੈਰ-ਕੁਦਰਤੀ, ਅਨ-ਮਨੁੱਖੀ ਤੇ ਅਹਿਮਕਾਨਾ ਅਖੌਤੀ ਵਿਗਿਅਨਕ ਨਿਰਣਾ ਵੀ ਗਲਤ ਸਾਬਤ ਹੀ ਨਹੀਂ ਹੋਇਆ, ਸਗੋਂ ਆਪਣੀ ਮੌਤੇ ਆਪ ਮਰ ਗਿਆ।ਅੱਜ ਰੂਸ ਅਤੇ ਚੀਨ ਵਿਚ ਮਾਰਕਸ ਦੀ ਮਰਜ਼ੀ ਦੇ ਵਿਰੁੱਧ ਕਮਿਊਨਿਸਟ ਸਰਕਾਰਾਂ ਨੂੰ ਪਰਿਵਾਰਾਂ ਦੀ ਹੋਂਦ ਨੂੰ ਸਵੀਕਾਰ ਕਰਨਾਂ ਪਿਆ ਹੈ।ਇੰਨੀ ਸਪਸ਼ਟਤਾ ਦੇ ਬਾਵਜੂਦ ਕਈ 'ਲਾ-ਇਲਾਜ' ਕਮਿਊਨਿਸਟ, ਮਾਰਕਸ ਦੇ ਸ਼ਬਦ-ਜਾਲ ਦਾ ਸਹਾਰਾ ਲੈ ਕੇ ਇਹ ਸਾਬਤ ਕਰਨ ਦੀ ਨਿਰਮੂਲ ਕੋਸ਼ਿਸ਼ ਕਰਦੇ ਹਨ, ਕਿ ਕਮਿਊਨਿਜ਼ਮ ਨੇ ਔਰਤਾਂ ਦੀ ਪੂੰਜੀਵਾਦੀ ਸਮਾਜ ਤੋਂ 'ਬੰਦ-ਖਲਾਸੀ' ਕਰਵਾਈ ਹੈ।ਸਪਸ਼ਟ ਹੈ ਕਿ ਮਾਰਕਸਵਾਦੀ ਇਥੇ ਅਸਲੀਅਤ ਨੂੰ ਛੁਪਾਉਣ ਦੀ ਕੋਸ਼ਿਸ਼ ਕਰਦੇ ਹਨ।ਕਿਉਂ ਕਿ ਮਾਰਕਸਵਾਦ ਵਿਚ ਔਰਤਾਂ ਅਤੇ ਪਰਿਵਾਰ ਦਾ ਉਹ ਰੂਪ ਬਿਲਕੁਲ ਨਹੀਂ, ਜਿਸ ਵਿਚ ਅਸੀਂ ਹਿੰਦੁਸਤਾਨੀ ਅਤੇ ਦੁਨੀਆਂ ਦੇ ਦੂਜੇ ਸੱਭਿਅਕ ਲੋਕ ਰਹਿੰਦੇ ਹਨ।ਮਾਰਕਸ ਪਰਿਵਾਰ ਅਤੇ ਪਤੀ ਪਤਨੀ ਦੇ ਰਿਸ਼ਤੇ ਨੂੰ ਬੁਰਜਵਾ ਰਿਸ਼ਤੇ ਮੰਨਦਾ ਹੈ ਅਤੇ ਔਰਤ ਮਰਦ ਦੇ ਵਿਆਹ ਵਰਗੇ ਵਿਸ਼ੇਸ਼ ਸਮਾਜਿਕ ਬੰਧਨ ਨੂੰ ਆਪਣੇ ਅਖੌਤੀ ਵਰਗ-ਰਹਿਤ ਸਮਾਜ ਦੀ ਉਸਾਰੀ ਵਿਚ ਸਭ ਤੋਂ ਮੁੱਖ ਰੁਕਾਵਟ ਮੰਨਦਾ ਹੈ।ਭਾਵੇਂ ਮਾਰਕਸ ਵਿਆਹ ਦੇ ਬੰਧਨ ਤੋਂ

ਮੁਕਤੀ ਨੂੰ ਔਰਤਾਂ ਦੀ ਅਜਾਦੀ ਦਾ ਦੰਭੀ ਨਾਮ ਦਿੰਦਾ ਹੈ ਅਤੇ ਵਿਆਹ ਤੇ ਪਰਿਵਾਰ ਨੂੰ ਬੁਰਜਵਾ ਰਿਸ਼ਤੇ ਕਹਿੰਦਾ ਹੋਇਆ 'ਕਮਿਊਨਿਸਟ ਮੈਨੀਫੈਸਟੋ' ਵਿਚ ਆਪਣੇ ਸ਼ਬਦ-ਜਾਲ ਰਾਹੀਂ ਇਹ ਸਾਬਤ ਕਰਨ ਦੀ ਨਾ-ਕਾਮ ਕੋਸ਼ਿਸ਼ ਕਰਦਾ ਹੈ, ਕਿ ਬੁਰਜਵਾ ਆਦਮੀ ਪਤਨੀ ਦੇ ਰੂਪ ਵਿਚ ਔਰਤ ਨੂੰ ਸਿਰਫ ਉਤਪਾਦਨ ਦਾ ਸਾਧਨ ਹੀ ਸਮਝਦਾ ਹੈ।

ਮਾਰਕਸ ਵਿਆਹ ਦੇ ਰਿਸ਼ਤੇ ਨੂੰ ਖਤਮ ਕਰਨ ਨੂੰ ਸਿਰਫ ਉਤਪਾਦਨ ਦੇ ਸਾਧਨ ਵਜੋਂ ਔਰਤਾਂ ਦੇ ਰੁਤਬੇ ਨੂੰ ਖਤਮ ਕਰਨ ਦਾ ਨਾਮ ਦਿੰਦਾ ਹੈ, ਪਰ ਜਾਪਦਾ ਹੈ ਮਾਰਕਸ ਆਪਣੀਆਂ ਅਖੌਤੀ ਵਿਗਿਆਨਕ ਦਲੀਲਾਂ ਨਾਲ ਆਪ ਵੀ ਸੰਤੁਸ਼ਟ ਨਹੀਂ ਹੁੰਦਾ।ਇਹੋ ਕਾਰਣ ਹੈ ਕਿ ਅਗਲੇ ਪਹਿਰੇ ਵਿਚ ਉਹ ਵਿੰਗੇ ਟੇਢੇ ਢੰਗ ਨਾਲ ਔਰਤਾਂ ਦੇ 'ਕੌਮੀਕਰਨ' ਦੀ ਗੱਲ ਦਾ ਖੁਦ ਇਕਬਾਲ ਕਰਦਾ ਹੋਇਆ ਲਿਖਦਾ ਹੈ:-

"ਬੁਰਜਵਾ ਵਿਆਹ ਅਸਲ ਵਿਚ ਸਾਂਝੀਆਂ ਵਹੁਟੀਆਂ ਰੱਖਣ ਦੀ ਪ੍ਰਣਾਲੀ ਹੈ।ਇਸ ਤਰ੍ਹਾਂ ਵੱਧ ਤੋਂ ਵੱਧ ਕਮਿਊ-ਨਿਸਟਾਂ ਨੂੰ ਸੰਭਵ ਤੌਰ ਤੇ ਜਿਸ ਚੀਜ਼ ਲਈ ਚੰਗਾ ਮੰਦਾ ਕਿਹਾ ਜਾ ਸਕਦਾ ਹੈ, ਉਹ ਇਹ ਹੈ ਕਿ ਉਹ (ਕਮਿਊਨਿਸਟ) ਦੰਭੀ ਢੰਗ ਨਾਲ ਲੁਕਾ ਕੇ ਰੱਖਣ ਦੀ ਥਾਂ, ਔਰਤਾਂ ਨੂੰ ਖੁੱਲਮ-ਖੁੱਲਾ ਸਾਂਝਾ ਕਰਨਾ ਚਾਹੁੰਦੇ ਹਨ"। (ਕਮਿਊਨਿਸਟ ਪਾਰਟੀ ਦਾ ਮੈਨੀਫੇਸਟੋ ਪੰ:51)

ਸੋ ਸਪਸ਼ਟ ਹੈ ਕਿ ਮਾਰਕਸ, ਸਮਾਜ ਵਿਚੋਂ ਵਿਆਹ ਦੀ ਪ੍ਰਥਾ ਨੂੰ ਖਤਮ ਕਰਕੇ ਪਰਿਵਾਰਕ ਸਬੰਧਾਂ ਨੂੰ ਤਹਿਸ਼ ਨਹਿਸ਼ ਕਰਨਾ ਚਾਹੁੰਦਾ ਹੈ।ਇਸਨੂੰ ਮਾਰਕਸ ਆਪਣੇ ਅਣਹੋਣੇ ਰਾਜ-ਰਹਿਤ ਤੇ ਵਰਗ-ਰਹਿਤ ਸਮਾਜ ਲਈ ਅੱਤਿ ਜ਼ਰੂਰੀ ਮੰਨਦਾ ਹੈ।

ਪਰ ਬਿਨਾਂ ਸਮਾਜਿਕ ਰਿਸ਼ਤੇ ਤੋਂ ਔਰਤ ਮਰਦ ਦੇ ਮਿਲਣ ਦੀ ਅਜ਼ਾਦੀ ਨੂੰ ਜੇ ਕੋਈ ਔਰਤ ਦੀ ਬੰਦ-ਖਲਾਸੀ ਸਮਝੇ ਤਾਂ ਇਹ 'ਬੰਦ-ਖਲਾਸੀ' ਮਨੁੱਖੀ ਵਿਕਾਸ ਨੂੰ ਪੁੱਠਾ ਗੇੜਾ ਦੇਣ ਵਾਲੀ ਤੇ ਮਨੁੱਖ ਨੂੰ ਮੁੜ ਜੰਗਲੀ ਤੇ ਪਸ਼ੂ-ਪੱਧਰ ਤੇ ਲੈ ਜਾਣ ਵਾਲੀ ਗੱਲ ਹੈ।

ਪਤਾ ਨਹੀਂ ਸਾਡੇ ਭਾਰਤੀ ਤੇ ਪੰਜਾਬੀ ਕਮਿਊਨਿਸਟਾਂ ਨੂੰ ਔਰਤਾਂ ਦੀ ਇਸ 'ਬੰਦ-ਖਲਾਸੀ' ਦੇ ਨਾਂ ਤੇ ਖੁੱਲ੍ਹ, ਕਾਨੂੰਨੀ ਵਿਭਚਾਰ ਦੀ ਅਜਾਦੀ ਵਿਚੋਂ, ਕਿਹੜੀ ਇਨਕਲਾਬੀ ਰੌਸ਼ਨੀ ਦੀ ਕਿਰਨ ਨਜ਼ਰ ਆਈ ਹੈ?ਸੋ ਇਸ ਤੱਥ ਨੂੰ ਚੰਗੀ ਤਰ੍ਹਾਂ ਜਾਣ ਕੇ ਵੀ ਜੇ ਅਜੋਕੇ ਮਾਰਕਸੀ, ਮਾਰਕਸਵਾਦ ਦੀ ਗਲੀ-ਸੜੀ ਲਾਸ਼ ਨੂੰ ਆਪਣੇ ਮੋਢਿਆਂ ਤੇ ਚੁੱਕ ਕੇ ਕਹਿੰਦੇ ਫਿਰਨ ਕਿ ਇਹ 'ਵਿਗਿਆਨਕ ਸਮਾਜਵਾਦ' ਹੈ ਅਤੇ ਭਵਿੱਖ ਵਿਚ ਇਸਦਾ ਲਾਗੂ ਹੋਣਾ ਲਾਜ਼ਮੀ ਹੈ, ਤਾਂ ਇਹ ਸਿਰਫ ਉਨ੍ਹਾਂ ਦੇ ਅੰਨ੍ਹੇ ਮਜ਼ਬੀ ਜਨੂੰਨ ਵਰਗੀ ਹੀ ਗੱਲ ਹੈ।ਉਂਜ ਵੀ ਇਸ ਵਿਚ ਕੋਈ ਸਾਹ ਸਤ ਨਹੀਂ।ਇਹ ਗੱਲ ਦੀਵਾਰ ਤੇ ਲਿਖੀ ਹੋਈ ਪੜ੍ਹ ਲੈਣੀ ਚਾਹੀਦੀ ਹੈ, ਕਿ ਆਪਣੇ ਮੁੱਢਲੇ ਰੂਪ ਵਿਚ ਕਮਿਊਨਿਜ਼ਮ ਸੰਸਾਰ ਦੇ ਕਿਸੇ ਹਿੱਸੇ ਵਿਚ ਲਾਗੂ ਹੋ ਸਕਣ ਦੇ ਯੋਗ ਨਹੀਂ, ਕਿਉਂਕਿ ਇਹ ਸਮੇਂ ਦੀ ਤੇਜ਼ ਚਾਲ ਤੋਂ ਬਹੁਤ ਪਿੱਛੇ ਰਹਿ ਚੁੱਕਿਆ ਹੈ।

ਉਹ ਕਮਿਊਨਿਸਟ ਵੀ ਜੋ ਕਿ ਅੱਜ ਤੋਂ ਕੁੱਝ ਦਹਾਕੇ ਪਹਿਲਾਂ ਕਮਿਊਨਿਜ਼ਮ ਦੀ ਬਾਹਰਲੀ ਪੋਚਾ-ਪਾਚੀ, ਤੜਕ-ਫੜਕ ਅਤੇ ਦਿਲ-ਕਸ਼ ਉਕਸਾਊ ਨਾਅਰੇਬਾਜ਼ੀ ਤੋਂ ਪ੍ਰਭਾਵਤ ਹੋਕੇ, ਇਸ ਵੱਲ ਝੁਕੇ ਅਤੇ ਇਸ ਨੂੰ ਵਿਗਿਆਨਕ ਕਹਿ ਕੇ ਵਡਿਆਉਂਦੇ ਰਹੇ, ਹੁਣ ਜਦੋਂ ਵਿਸ਼ਵ ਕਮਿਊਨਿਜ਼ਮ ਦੀ ਲਹਿਰ ਤੇ ਨਿਗ੍ਹਾ ਮਾਰਦੇ ਹਨ, ਤਾਂ ਖੁਦ ਹੈਰਾਨ ਹੁੰਦੇ ਹਨ, ਕਿ ਅਜੋਕੀ ਮਾਰਕਸੀ ਲਹਿਰ ਵਿਚ 'ਮਾਰਕਸ' ਕਿੱਥੇ ਹੈ?ਕੀ ਕਾਰਨ ਹੈ ਕਿ ਲੋਕਾਂ ਨੇ ਮਾਰਕਸਵਾਦ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਹੈ?ਹਾਲਾਂ ਕਿ ਮਾਰਕਸਵਾਦ ਗਰੀਬਾਂ, ਮਿਹਨਤਕਸ਼ਾਂ ਅਤੇ ਸਰਵਹਾਰਿਆਂ ਨੂੰ ਪਤਿਆਉਣ ਲਈ ਮਨਮੋਹਣੀ ਤੇ ਹੁਸੀਨ ਸ਼ਬਦਾਵਲੀ ਤੇ ਤਿੱਖੀ ਨਾਅਰੇ-ਬਾਜ਼ੀ ਲੈ ਕੇ ਆਇਆ ਸੀ।

ਅਸਲ ਵਿਚ ਮੇਰੇ ਵਿਚਾਰ ਅਨੁਸਾਰ ਇਸਦਾ ਮੁੱਖ ਕਾਰਣ ਹੂ-ਬਹੂ ਮਜ਼ਬੀ ਜਨੂੰਨ ਵਾਂਗ ਤਲਵਾਰ ਦੇ ਜ਼ੋਰ ਨਾਲ ਭੰਨ ਤੋੜ ਕਰਕੇ, ਲੋਕਾਂ ਦੇ ਵਿਸ਼ਵਾਸ਼, ਰੀਝਾਂ, ਧਰਮ, ਸੱਭਿਆਚਾਰ ਅਤੇ ਮਾਨਤਾਵਾਂ ਨੂੰ ਭੰਡ ਕੇ, ਅਤੇ ਉਨ੍ਹਾਂ ਦਾ ਮਜ਼ਾਕ ਉਡਾਕੇ, ਲੋਕਾਂ ਨੂੰ ਜ਼ਬਰੀ ਇਸਦਾ ਅਨੁਯਾਈ ਬਨਾਉਣਾ ਸੀ।ਮਾਰਕਸ ਦਾ ਇਹ ਬੁਨਿਆਦੀ ਨਿਰਣਾ ਵੀ ਗਲਤ ਸਾਬਤ ਹੋ ਗਿਆ ਹੈ, ਕਿ ਮਿਹਨਤਕਸ਼ ਨੂੰ ਸਿਰਫ ਰੋਟੀ ਚਾਹੀਦੀ ਹੈ, ਜੇ ਉਸ ਨੂੰ ਰੋਟੀ ਪਾ ਦਿੱਤੀ ਜਾਵੇ, ਤਾਂ ਉਹ ਆਪਣੇ ਕਲਚਰ, ਧਰਮ ਅਤੇ ਰਾਜਸੀ ਅਧਿਕਾਰਾਂ ਆਦਿ ਸਭ ਕੁੱਝ ਨੂੰ ਭੁੱਲ ਜਾਂਦਾ ਹੈ।

ਮਾਰਕਸ ਦੀ ਇਹ ਮਿੱਥ ਮਨੁੱਖ ਨੂੰ ਪਸ਼ੂ ਦੇ ਬਰਾਬਰ ਜਾ ਖਲ੍ਹਾਰਦੀ ਹੈ।ਅੱਜ ਦਾ ਮਿਹਨਤਕਸ਼ ਮਜ਼ਦੂਰ, ਮਾਰਕਸ ਦੀ ਕਲਪਨਾ ਦੇ ਸਰਵਹਾਰੇ ਤੋਂ ਬਹੁਤ ਅੱਗੇ ਨਿੱਕਲ ਗਿਆ ਹੈ।ਉਹ ਹੈਰਾਨ ਹੈ, ਕਿ ਰੋਟੀ ਤਾਂ ਉਹ ਆਪਣੀ ਮਿਹਨਤ ਨਾਲ ਕਮਾ ਕੇ ਖਾਂਦਾ ਹੈ, ਕਿਸੇ ਸਰਕਾਰ ਦੇ ਅਹਿਸਾਨ ਬਦਲੇ ਨਹੀਂ।ਫਿਰ ਉਹ ਕਿਉਂ ਆਪਣਾ ਧਰਮ, ਕਲਚਰ, ਰੀਝਾਂ, ਮਾਨਤਾਵਾਂ, ਲਿਖਣ ਬੋਲਣ ਤੇ ਤੁਰਨ ਫਿਰਨ ਦੀ ਅਜ਼ਾਦੀ ਨੂੰ ਗਹਿਣੇ ਰੱਖੇ? ਮਾਰਕਸਵਾਦੀ ਜਿੱਥੇ ਮਨੁੱਖ ਦੀਆਂ ਸਭ ਰੀਝਾਂ ਅਤੇ ਅਧਿਕਾਰਾਂ ਨੂੰ ਕਤਲ ਕਰਕੇ ਮਹਿਜ ਇਕ ਮਸ਼ੀਨੀ ਪੁਰਜ਼ਾ ਬਨਾਉਣ ਵੱਲ ਵੱਧਦੇ ਹਨ, ਉਥੇ ਅਖੌਤੀ ਸਮਾਜਵਾਦੀ ਰੂਸ ਵਿਚ ਕਾਇਮ ਰਾਜਸੀ ਅਤੇ ਸੱਭਿਆਚਾਰਕ ਢਾਂਚੇ ਨੂੰ ਸਾਰੇ ਵਿਸ਼ਵ ਵਿਚ ਜ਼ਬਰੀ ਲਾਗੂ ਕਰਨਾ ਚਾਹੁੰਦੇ ਹਨ।ਇਹ ਇਕ ਤਰ੍ਹਾਂ ਨਾਲ ਸਾਰੀ ਦੁਨੀਆਂ ਦੇ ਵੱਖ ਵੱਖ ਧਰਮਾਂ, ਸੱਭਿਆਚਾਰਾਂ ਤੇ ਰਾਜਸੀ ਪ੍ਰਣਾਲੀਆਂ ਅਤੇ ਰਸਮਾਂ ਰਿਵਾਜਾਂ ਨੂੰ ਖਤਮ ਕਰਕੇ 'ਕਮਿਊਨਿਜ਼ਮ' ਦੇ ਪਰਦੇ ਹੇਠ ਕੁਲ ਵਿਸ਼ਵ ਨੂੰ ਬੌਧਿਕ, ਰਾਜਸੀ ਅਤੇ ਆਰਥਿਕ ਤੌਰ ਤੇ ਰੂਸ ਦਾ ਗੁਲਾਮ ਬਨਾਉਣ ਵਾਲੀ ਗੱਲ ਹੈ, ਜਿਸ ਨੂੰ ਦੁਨੀਆਂ ਦੀ ਕੋਈ ਵੀ ਜਾਗਰਿਤ, ਚੇਤੰਨ ਅਤੇ ਸੱਭਿਅਕ ਕੌਮ ਬਰਦਾਸ਼ਤ ਨਹੀਂ ਕਰ ਸਕਦੀ।।ਇਹੋ ਹੀ ਕਾਰਨ ਹੈ ਕਿ ਸਾਰੇ ਵਿਸ਼ਵ ਵਿਚੋਂ, ਖੁਦ ਕਮਿਊਨਿਸਟ ਦੇਸ਼ਾਂ ਵਿਚੋਂ ਅਤੇ ਖੁਦ ਕਮਿਊਨਿਜ਼ਮ ਦੇ ਪਰਦੇ ਹੇਠ ਉਸਾਰੇ ਜਾ ਰਹੇ ਇਸ ਤਾਨਾਸ਼ਾਹੀ ਸਮਾਜੀ ਸਾਮਰਾਜ ਦਾ ਖੁੱਲ੍ਹਾ ਵਿਰੋਧ ਸ਼ੁਰੂ ਹੋ ਗਿਆ ਹੈ।

ਸਭ ਤੋਂ ਪਹਿਲਾਂ ਯੂਗੋਸਲਾਵੀਆ ਦੇ ਸਵਰਗੀ ਪ੍ਰਧਾਨ ਮਾਰਸ਼ਲ ਟੀਟੋ ਨੇ ਰੂਸ ਦੇ ਫੈਲਾਏ ਮਕਰ-ਜਾਲ ਨੂੰ ਤੋੜਨ ਦੀ ਜ਼ੁਹਰਤ ਕੀਤੀ ਅਤੇ ਐਲਾਨੀਆਂ ਕਿਹਾ ਕਿ ਸਮਾਜਵਾਦੀ ਹੋਣ ਲਈ ਜ਼ਰੂਰੀ ਨਹੀਂ ਕਿ ਹਰ ਕੰਮ ਵਿਚ ਰੂਸ ਦੀ ਨਕਲ ਕੀਤੀ ਜਾਵੇ, ਜਾਂ ਉਸਦਾ ਪਿਛਲੱਗ ਬਣ ਕੇ ਰਿਹਾ ਜਾਵੇ।ਯੂਗੋਸਲਾਵੀਆ ਆਪਣੇ ਦੇਸ਼ ਦੇ ਹਾਲਾਤਾਂ ਅਨੁਸਾਰ ਆਪਣੇ ਦੇਸ਼ ਵਿਚ ਨਵੇਂ ਸਮਾਜਵਾਦ ਦੀ ਉਸਾਰੀ ਕਰੇਗਾ।

ਇਸ ਤੋਂ ਬਾਅਦ ਚੀਨ ਦੇ ਮਾਉਜ਼ੇ ਤੁੰਗ ਨੇ ਜਿੱਥੇ ਮਾਰਕਸ ਦੇ ਇਸ ਨਿਰਣੇ ਨੂੰ ਕਿ ਕਿਸਾਨ 'ਝੁੱਡੂ' ਹੁੰਦੇ ਹਨ, ਅਤੇ ਕਿਸੇ ਇਨਕਲਾਬੀ ਲਹਿਰ ਦੀ ਅਗਵਾਈ ਕਰਨ ਦੇ ਯੋਗ ਨਹੀਂ ਹੁੰਦੇ, ਸਗੋਂ ਮਜ਼ਦੂਰ, ਅਤੇ ਸਿਰਫ ਮਜ਼ਦੂਰ ਹੀ ਇਨਕਲਾਬ ਲਿਆ ਸਕਦੇ ਹਨ, ਨੂੰ ਵੰਗਾਰਿਆ, ਉਥੇ ਉਸਨੇ ਕਮਿਊਨਿਸਟ ਸਮਾਜ ਵਿਚ ਰੂਸੀ ਏਕਾਅਧਿਕਾਰ ਨੂੰ ਵੀ ਮੰਨਣੋਂ ਇਨਕਾਰ ਕਰ ਦਿੱਤਾ।ਇਹੋ ਕਾਰਣ ਹੈ ਕਿ ਮਾਰਕਸ ਦੇ ਦੋਵੇਂ ਪੈਰੋਕਾਰ (ਰੂਸ ਤੇ ਚੀਨ) ਆਹਮੋ ਸਾਹਮਣੇ ਤੋਪਾਂ ਦੇ ਮੂੰਹ ਖੋਲ੍ਹੀ ਖੜ੍ਹੇ ਹਨ।

ਰੂਸ, ਚੀਨ ਅਤੇ ਦੂਜੇ ਕਮਿਊਨਿਸਟ ਦੇਸ਼ਾਂ ਦੀ ਆਪੋ ਧਾਪੀ ਅਤੇ ਖਾਨਾ-ਜੰਗੀ ਨੇ ਮਾਰਕਸ ਦੇ ਇਸ ਨਿਰਣੇ ਦੀਆਂ ਧੱਜੀਆਂ ਉਡਾ ਦਿੱਤੀਆਂ ਹਨ, ਕਿ ਕਮਿਊਨਿਜ਼ਮ ਦੇ ਆਉਣ ਨਾਲ ਰਾਸ਼ਟਰ ਭਾਵਨਾ ਖਤਮ ਹੋ ਜਾਵੇਗੀ।ਅੱਜ ਕਮਿਊਨਿਸਟ ਦੇਸ਼ਾਂ ਦੀਆਂ ਸਰਕਾਰਾਂ ਬਿਲਕੁਲ ਪੂੰਜੀਵਾਦੀ ਦੇਸ਼ਾਂ ਵਾਂਗ, ਸਗੋਂ ਕਈ ਹਾਲਤਾਂ ਵਿਚ ਉਨ੍ਹਾਂ ਨਾਲੋਂ ਵੀ ਘਿਨਾਉਣੇ ਹੱਥ-ਕੰਡੇ ਵਰਤ ਕੇ ਗੁਲਾਮ ਦੇਸ਼ਾਂ ਅਤੇ ਕੌਮਾਂ ਦੀ ਲੁੱਟ-ਖਸੁੱਟ ਕਰਦੀਆਂ ਹਨ।ਸੋ ਸਪਸ਼ਟ ਹੈ ਕਿ ਅਖੌਤੀ ਵਿਗਿਆਨਕ ਸਮਾਜਵਾਦ ਲੋਕਾਂ ਦੇ ਦਿਲਾਂ ਚੋਂ ਰਾਸ਼ਟਰੀ ਭਾਵਨਾ ਨੂੰ ਖਤਮ ਕਰਨ ਚ ਬੁਰੀ ਤਰ੍ਹਾਂ ਫੇਲ੍ਹ ਹੋਇਆ ਹੈ।

ਛੇ ਦਹਾਕਿਆਂ ਤੋਂ ਵੀ ਵੱਧ ਸਮੇਂ ਤੱਕ ਬੌਧਿਕ ਗੁਲਾਮੀ ਕਰਨ ਤੋਂ ਬਾਅਦ ਹੁਣ ਕਿਤੇ ਕਿਤੇ ਭਾਰਤ ਦੇ ਕਮਿਊਨਿਸਟਾਂ ਵਿਚ ਵੀ ਕੁੱਝ ਹਿੱਲਜੁੱਲ ਸ਼ੁਰੂ ਹੋਈ ਹੈ, ਤੇ ਉਨ੍ਹਾਂ ਵਿਚੋਂ ਵੀ ਕੁੱਝ ਲੋਕਾਂ ਨੂੰ ਕਾਮਰੇਡ ਸਟਾਲਿਨ ਦੇ ਇਨ੍ਹਾਂ ਵਾਕਾਂ ਦੇ ਅਰਥ ਆਉਣੇ ਸ਼ੁਰੂ ਹੋ ਗਏ ਹਨ ਕਿ—

"ਦਰਾਮਦ ਕੀਤਾ ਹੋਇਆ ਇਨਕਲਾਬ ਬੇਵਕੂਫੀ ਹੈ, ਹਰ ਦੇਸ਼ ਆਪਣੇ ਇਨਕਲਾਬ ਨੂੰ ਆਪ ਘੜਦਾ ਹੈ।ਜੇ ਆਪਣੇ ਲਈ ਵੱਖਰੀ ਕਿਸਮ ਦਾ ਇਨਕਲਾਬ ਘੜਨ ਦੀ ਯੋਗਤਾ ਕਿਸੇ ਵਿਚ ਨਹੀਂ, ਤਾਂ ਇਨਕਲਾਬ ਨਹੀਂ ਆ ਸਕਦਾ"।(ਸਟਾਲਿਨ)

ਇਸੇ ਲਈ ਪੰਜਾਬ ਦੇ ਇਕ ਕਮਿਊਨਿਸਟ ਬੁੱਧੀ-ਜੀਵੀ ਨੇ ਆਪਣੇ ਅਖੌਤੀ ਮਾਰਕਸੀ ਕ੍ਰਾਂਤੀਕਾਰੀਆਂ ਦੇ ਖਾਨੇ ਵਿਚ ਇਹ ਗੱਲ ਪਾਉਣ ਲਈ ਲਿਖਿਆ ਹੈ ਕਿ—

"ਜਦੋਂ ਕਿਸੇ ਸਿਧਾਂਤ ਨੂੰ ਕਿਸੇ ਸਮੱਗਰੀ ਤੋਂ ਚੁੱਕ ਕੇ ਦੂਸਰੀ ਸਮੱਗਰੀ ਤੇ ਲਾਗੂ ਕੀਤਾ ਜਾਵੇ ਤਾਂ ਆਮ ਲੋਕਾਂ ਦੀ ਸਮਝ ਵਿਚ ਕੁੱਝ ਨਹੀਂ ਆਉਂਦਾ।ਕੁੱਝ ਮਾਰਕਸਵਾਦੀਆਂ ਨੂੰ ਡਾਇਲੈਕਟਿਸ ਦੀ ਤੇ ਕੋਈ ਸਮਝ ਨਹੀਂ, ਪਰ ਉਨ੍ਹਾਂ ਨੇ ਮਾਰਕਸ ਦੁਆਰਾ ਉਨ੍ਹਵੀਂ ਸਦੀ ਚ ਵਲਾਇਤ ਦੇ ਸਨਅਤੀ ਸਮਾਜ ਦੇ ਕੱਢੇ ਸਿੱਟਿਆਂ ਨੂੰ ਰੱਟਾ ਲਾਇਆ ਹੋਇਆ ਹੈ।ਉਨ੍ਹਾਂ ਵਾਸਤੇ ਹਰ ਦੇਸ਼ ਵਿਚ, ਹਰ ਕੌਮ ਵਿਚ, ਉਹੀ ਜਮਾਤਾਂ ਨੇ, ਉਹੀ ਸਨਅਤੀ ਸਬੰਧ, ਉਹੀ ਧਰਮ, ਉਹੀ ਸਮਾਜ, ਉਹੀ ਸਾਹਿਤ ਤੇ ਉਹੀ ਇਤਿਹਾਸ।ਤੱਥਾਂ ਨੇ ਤਾਂ ਸਮੇਂ ਸਥਾਨ ਨਾਲ ਬਦਲਦੇ ਰਹਿਣਾ ਹੈ।ਜੇ ਸਾਡੇ ਅਖੌਤੀ ਮਾਰਕਸੀ ਇਸ ਵਿਕਾਸ ਨੂੰ ਨਹੀਂ ਸਮਝਦੇ ਤਾਂ ਇਤਿਹਾਸਿਕ ਸੂਝ ਦਾ ਉਨ੍ਹਾਂ ਨਾਲ ਕੀ ਸਬੰਧ ਹੈ?"

ਇਸ ਨੁਕਤੇ ਨੂੰ ਹੋਰ ਸਪਸ਼ਟ ਕਰਦਿਆਂ ਇਹੋ ਵਿਦਵਾਨ ਅੱਗੇ ਜਾ ਕੇ ਲਿਖਦੇ ਹਨ ਕਿ—

"ਸਾਡੇ ਅਖੌਤੀ ਮਾਰਕਸਵਾਦੀ ਸਿਧਾਂਤਕ ਸੂਝ ਤੋਂ ਇੰਨੇ ਕੋਰੇ ਨੇ ਕਿ ਉਹ ਕਦੀ ਉਨ੍ਹਵੀਂ ਸਦੀ ਦੇ ਵਲਾਇਤ ਨੂੰ, ਕਦੀ ਰੂਸ ਨੂੰ, ਕਦੀ ਚੀਨ ਨੂੰ ਤੇ ਕਦੀ ਕਿਊਬਾ ਨੂੰ ਆਪਣੀ ਅਜਾਦੀ ਦਾ ਮਾਡਲ ਸਮਝਦੇ ਨੇ। ਉਨ੍ਹਾਂ ਨੇ ਇਹ ਕਦੀ ਨਹੀਂ ਸੋਚਿਆ ਕਿ ਜੇ ਇੱਕੋ ਹੀ ਨੁਕਸਾ ਸਭ ਲਈ ਠੀਕ ਹੁੰਦਾ, ਤਾਂ ਇਹ ਇਕ ਦੂਸਰੇ ਤੋਂ ਵੱਖਰੇ ਕਿਉਂ ਹੁੰਦੇ?ਹਰ ਸਮਾਜ ਦੇ, ਹਰ ਧਰਮ ਦੇ, ਹਰ ਸੱਭਿਅਤਾ ਦੇ, ਹਰ ਸਾਹਿਤ ਦੇ ਅਤੇ ਹਰ ਬੋਲੀ ਦੇ ਤੱਤ ਨਿਵੇਕਲੇ ਹਨ।ਸਾਂਝ ਸਿਧਾਂਤ ਦੀ ਏ, ਸਮੱਗਰੀ ਦੀ ਨਹੀਂ।ਲੋੜ ਏ ਆਪਣੇ ਸਮਾਜ, ਆਪਣੇ ਧਰਮ, ਆਪਣੀ ਸੱਭਿਅਤਾ, ਆਪਣੇ ਸਾਹਿਤ ਤੇ ਆਪਣੀ ਬੋਲੀ ਦੇ ਸੁਭਾਅ ਤੇ ਸੰਜਮ ਨੂੰ ਸਮਝਣ ਦੀ।ਇੰਨ੍ਹਾਂ ਦੇ ਪ੍ਰਸਪਰ ਸਬੰਧਾਂ, ਵਿਰੋਧਾਂ ਤੇ ਮੇਲ ਨੂੰ ਘੋਖਣ ਦੀ।ਆਪਣੇ ਵਿਕਾਸ ਦਾ ਪੈਂਤੜਾ, ਆਪਣੇ ਇਤਿਹਾਸ ਨੂੰ ਜੁਗਤ ਨੇ ਹੀ ਉਲੀਕਣਾ ਏ।ਆਦ੍ਰਸ਼ ਸਾਂਝੇ ਹੁੰਦੇ ਹਨ, ਮਾਡਲ ਕਦੇ ਸਾਂਝੇ ਨਹੀਂ ਹੁੰਦੇ"।

ਇਸ ਤੋਂ ਮਾਰਕਸੀਆਂ ਨੇ ਜਿਹੜੀ ਇਹ ਧਾਰਣਾ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ -"ਮਨੁੱਖ ਨੂੰ ਰੋਟੀ ਚਾਹੀਦੀ ਹੈ, ਹੋਰ ਕੁੱਝ ਨਹੀਂ", ਇਹ ਇਕ ਤਰ੍ਹਾਂ ਨਾਲ ਮਨੁੱਖ ਨੂੰ ਪਸ਼ੂ ਬਨਾਉਣ ਦੇ ਤੁੱਲ ਹੈ, ਅਤੇ ਇੰਨ੍ਹਾਂ ਹਥਿਆਰਾਂ ਨਾਲ ਮਾਰਕਸ-ਵਾਦ ਮੁਢਲੇ ਮਨੁੱਖੀ ਅਧਿਕਾਰਾਂ ਤੇ ਛਾਪੇ ਮਾਰਦਾ ਹੈ।

ਪੰਜਾਬ ਦਾ ਇਕ ਹੋਰ ਕਮਿਊਨਿਸਟ ਵਿਦਵਾਨ ਕਮਿਊਨਿਸਟਾਂ ਦੀ ਇਸ ਮਨੁੱਖ-ਮਾਰੂ ਰੁਚੀ ਨੂੰ ਰੱਦ ਕਰਦਾ ਹੋਇਆ ਲਿਖਦਾ ਹੈ ਕਿ—"ਐਸੇ ਮਾਰਕਸਵਾਦੀਆਂ ਨੇ ਮਿੱਥ ਘੜ ਲਈ ਹੈ ਕਿ ਲੋਕਾਂ ਨੂੰ ਪਦਾਰਥਾਂ ਦੀ ਉਥਲ ਉਛਲ ਚਾਹੀਦੀ ਹੈ।ਇਹ ਠੀਕ ਹੈ ਕਿ ਅਣਹੋਂਦ ਦਿਆਂ ਮਾਰਿਆਂ ਦੀਆਂ ਸ਼ਰੀਰਕ ਤੇ ਕਲਚਰਲ ਲੋੜਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ।ਲੋਕਾਂ ਦਾ ਜਿਉਣ ਦਾ ਮਿਆਰ ਉਚਾ ਹੋਣਾ ਚਾਹੀਦਾ ਹੈ।ਮਜ਼ਬੂਰੀ ਦੇ ਪੰਜੇ ਚੋਂ ਉਨ੍ਹਾਂ ਦੀ ਬੰਦ-ਖਲਾਸੀ ਹੋਣੀ ਚਾਹੀਦੀ ਹੈ।ਪਰ ਇਹ ਕਹਿਣਾ ਕਿ ਲੋਕਾਂ ਨੂੰ ਸਿਰਫ ਪਦਾਰਥਾਂ ਦੀ ਉਥਲ ਉਛਲ ਹੀ ਚਾਹੀਦੀ ਹੈ, ਇਹ ਕਹਿਣ ਦੇ ਬਰਾਬਰ ਹੈ, ਕਿ ਡੰਗਰਾਂ ਨੂੰ ਖੁਰਲੀ ਭਰੀ ਰਹਿਣੀ ਚਾਹੀਦੀ ਹੈ"।

ਇਥੇ ਇਹ ਟੂਕਾਂ ਦੇਣ ਦਾ ਮਤਲਬ ਇਹ ਨਹੀਂ ਕਿ ਅਸੀਂ ਇੰਨ੍ਹਾਂ ਵਿਦਵਾਨਾਂ ਦੀ ਮਾਰਕਸਵਾਦ ਬਾਰੇ ਹਰ ਰਾਇ ਨੂੰ ਮੰਨਦੇ ਹਾਂ, ਸਗੋਂ ਇਹ ਹੈ ਕਿ ਖੁਦ ਮਾਰਕਸੀ ਵੀ ਅਜੇ ਤੱਕ ਇਹ ਨਹੀਂ ਸਮਝ ਸਕੇ, ਕਿ ਮਾਰਕਸਵਾਦ ਹੈ ਕਿਸ ਬਲਾ ਦਾ ਨਾਮ?

ਕੁੱਝ ਪੰਜਾਬੀ ਤੇ ਖਾਸ ਕਰਕੇ ਸਿੱਖ ਸ਼ਕਲਾਂ ਸੂਰਤਾਂ ਵਾਲੇ ਮਾਰਕਸੀ, ਆਮ ਭੋਲੇ ਭਾਲੇ ਸਿੱਖਾਂ ਚ ਇਹ ਪ੍ਰਚਾਰ ਕਰਦੇ ਹਨ ਕਿ—"ਜੀ, ਸਿੱਖ ਧਰਮ ਤਾਂ ਹੈ ਹੀ ਨਿਰਾ ਕਮਿਊਨਿਜ਼ਮ"।ਅਫਸੋਸਨਾਕ ਗੱਲ ਇਹ ਹੈ ਕਿ ਸਾਡੇ ਵਜ਼ੀਰਾਂ ਤੋਂ ਲੈ ਕੇ ਅਨਪੜ੍ਹ ਗ੍ਰੰਥੀਆਂ ਤੇ ਪ੍ਰਚਾਰਕਾਂ ਤੱਕ ਰਟੇ ਰਟਾਏ ਤੋਤੇ ਵਾਂਗ ਇਹ ਗੱਲ ਮੰਨੀ ਤੇ ਪ੍ਰਚਾਰੀ ਜਾ ਰਹੇ ਹਨ।ਇਹ ਲੋਕ ਇਹ ਨਹੀਂ ਜਾਣਦੇ ਕਿ ਜਾਣੇ ਜਾਂ ਅਣਜਾਣੇ ਤੌਰ ਤੇ ਉਹ ਕਿੱਡੇ ਵੱਡੇ ਗੁਨਾਹ ਦੇ ਭਾਗੀ ਬਣ ਰਹੇ ਹਨ?ਕਿਉਂਕਿ ਕਮਿਊਨਿਜ਼ਮ ਵਿਚ ਉਕਸਾਊ ਨਾਅਰਿਆਂ ਤੇ ਫੋਕੇ ਨਾਅਰੇਬਾਜ਼ੀ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ, ਜਦੋਂ ਕਿ ਸਿੱਖੀ ਇਕ ਸੁਚੱਜੀ ਜੀਵਨ-ਜਾਂਚ ਹੈ।ਇਹ ਮਨੁੱਖ ਦੀ ਆਤਮਕ, ਸੱਭਿਆਚਾਰਕ, ਆਰਥਿਕ, ਰਾਜਸੀ ਅਤੇ ਸਖਸ਼ੀ ਅਜਾਦੀ ਦੀ ਝੰਡਾਬਰਦਾਰ ਹੈ।ਸਿੱਖ ਧਰਮ ਅਨੁਸਾਰ, ਜ਼ਿੰਦਗੀ ਦਾ ਮਨੋਰਥ ਸਰਬੱਤ ਮਨੁੱਖ-ਮਾਤਰ ਦੀ ਸਹੀ ਅਰਥਾਂ ਵਿਚ ਬੰਦ-ਖਲਾਸੀ ਹੈ।ਸਿੱਖ ਵਿਚਾਰਧਾਰਾ ਮਾਰਕਸਵਾਦ ਤੋਂ ਬਹੁਤ ਅਗਲੀ ਸਟੇਜ ਹੈ।**ਕਮਿਊਨਿਜ਼ਮ ਮਨੁੱਖ ਨੂੰ ਗੁਮਰਾਹਕੁਨ ਨਾਅਰਿਆਂ ਤੇ ਜਾਬਰ ਸਟੇਟ ਦੇ ਦਬਾ ਨਾਲ ਸਾਥੀ (Comrade)) ਬਣਾਉਂਦਾ ਹੈ, ਜਦੋਂ ਕਿ ਸਿੱਖ ਵਿਚਾਰਧਾਰਾ ਪਿਆਰ, ਮੁਹੱਬਤ ਅਤੇ ਪ੍ਰਮਾਤਮਾ ਦੇ ਨਾਮ ਨਾਲ ਮਨੁੱਖ ਨੂੰ ਮਨੁੱਖ ਦਾ ਭਾਈ (Brother) ਬਣਾਉਂਦੀ ਹੈ।**

ਜਿਵੇਂ ਕਿ ਅਸੀਂ ਉਪਰ ਦੱਸ ਆਏ ਹਾਂ ਕਿ ਕਮਿਊਨਿਜ਼ਮ ਹਰ ਕਦਮ ਅਤੇ ਜ਼ਿੰਦਗੀ ਦੇ ਹਰ ਖੇਤਰ ਵਿਚ ਨਾ ਕਾਮਯਾਬ ਹੋਇਆ ਹੈ।ਇਹੋ ਕਾਰਨ ਹੈ ਕਿ ਇਸਦੇ ਬਚਪਨ ਵਿਚ ਹੀ ਇਸ ਵਿਚ ਬੇਹੱਦ ਤਰਮੀਮਾਂ ਦੀ ਲੋੜ ਮਹਿਸੂਸ ਹੋਈ ਹੈ।

ਕਮਿਊਨਿਸਟ ਭਾਵੇਂ ਲੱਖ ਟਾਹਰਾਂ ਮਾਰਦੇ ਫਿਰਨ ਪਰ ਇਹ ਹਕੀਕਤ ਹੈ, ਕਿ ਮਾਰਕਸਵਾਦ ਆਪਣੇ ਮੁੱਢਲੇ ਰੂਪ ਵਿਚ ਕਮਿਊਨਿਸਟ ਸਟੇਟਾਂ ਵਿਚ ਬੁਰੀ ਤਰ੍ਹਾਂ ਫੇਲ੍ਹ ਹੋਇਆ ਹੈ ਅਤੇ ਲੋਕਾਂ ਵੱਲੋਂ ਬੁਰੀ ਤਰ੍ਹਾਂ ਠੁਕਰਾਇਆ ਜਾ ਚੁੱਕਾ ਹੈ। ਸੋਵੀਅਤ ਰਾਜ ਪਲਟੇ ਦੇ ਸੱਠ ਸਾਲਾਂ ਬਾਅਦ ਹੀ ਜੇ ਰੂਸ ਵਿਚ ਕਮਿਊਨਿਜ਼ਮ ਦੀ ਵਿਰੋਧਤਾ ਦਾ ਤੂਫਾਨ ਉਠ ਪਿਆ ਸੀ, ਤਾਂ ਯਕੀਨਨ ਇਹ ਇਕ ਅਜੇਹੀ ਬੀਮਾਰ ਵਿਚਾਰਧਾਰਾ ਸੀ, ਜੋ ਕਿ ਕਿਸੇ ਨਿਰੋਈ ਵਿਚਾਰਧਾਰਾ ਦਾ ਟਾਕਰਾ ਨਹੀਂ ਕਰ ਸਕੀ, ਭਾਵੇਂ ਇਸਦੀ ਪਿੱਠ ਪਿੱਛੇ ਦੁਨੀਆਂ ਦੇ ਸਾਰੇ ਰਾਜ ਵੀ ਕਿਉਂ ਨਾਂ ਇਕੱਠੇ ਹੋ ਜਾਂਦੇ।

ਕਮਿਊਨਿਜ਼ਮ ਦੇ ਰਚਨਹਾਰਿਆਂ ਨੇ ਧਰਮ ਨੂੰ ਅਫੀਮ ਆਖ ਕੇ ਇਸਦੀ ਨਿੰਦਿਆ ਕੀਤੀ ਹੈ, ਪਰ ਅੱਜ ਤੱਕ ਪੂਰੀ ਤਾਕਤ ਲਾ ਦੇਣ ਦੇ ਬਾਵਜੂਦ ਕਮਿਊਨਿਸਟ, ਰੂਸ ਦੀ ਧਰਤੀ ਤੋਂ ਧਰਮ ਨੂੰ ਦੇਸ਼ ਨਿਕਾਲਾ ਨਹੀਂ ਦੇ ਸਕੇ।ਧਰਮ ਅੱਜ ਰੂਸ ਵਿਚ ਜ਼ਿੰਦਾ ਹੈ ਤਾਂ ਕਮਿਊਨਿਸਟ ਦੀ ਖੁੱਲ-ਦਿਲੀ ਕਰ ਕੇ ਨਹੀਂ, ਸਗੋਂ ਕਮਿਊਨਿਸਟ ਰਾਜ ਦੇ 63 ਸਾਲਾਂ ਬਾਅਦ ਵੀ ਰੂਸ ਵਿਚ ਧਰਮ ਦੀ ਚੜ੍ਹਤ ਮਾਰਕਸਵਾਦ ਦੀ ਅਟੱਲ ਮੌਤ ਦੀ ਨਿਸ਼ਾਨੀ ਹੈ।

ਮਾਰਕਸ ਤੇ ਲੈਨਿਨ ਸਰਵਹਾਰਿਆਂ (ਪ੍ਰੋਲੋਤਾਰੀਆਂ) ਦੀ ਤਾਨਾਸ਼ਾਹੀ ਦਾ ਨਾਅਰਾ ਮਾਰ ਕੇ ਹੋਰ ਕਿਸੇ ਵਰਗ ਦੀ ਹੋਂਦ ਨੂੰ ਰੱਦ ਕਰਦੇ ਹਨ, ਪਰ ਸੰਸਾਰ ਦੇ ਕਿਸੇ ਵੀ ਹਿੱਸੇ ਵਿਚ (ਸਮੇਤ ਕਮਿਊਨਿਸਟ ਸਟੇਟਾਂ ਦੇ) ਇੰਨ੍ਹਾਂ ਦੀ ਇਸ ਕਲਪਨਾਂ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਜਾ ਸਕਿਆ।ਇਸਦੇ ਉਲਟ ਪੱਛਮੀ ਯੂਰਪ ਦੇ ਸੰਘ੍ਰਸ਼ਸ਼ੀਲ਼ ਕਮਿਊਨਿਸਟਾਂ ਨੇ ਮਾਸਕੋ ਦੀ 25ਵੀਂ ਕਮਿਊਨਿਸਟ ਇੰਟਰਨੈਸ਼ਨਲ ਕਾਨਫਰੰਸ ਵਿਚ ਇਟਲੀ ਦੇ ਕਮਿਊਨਿਸਟ ਨੇਤਾ ਕਾਮਰੇਡ ਬਲਿਜ਼ਰ ਦੀ ਅਗਵਾਈ ਵਿਚ ਇਹ ਕਹਿ ਕੇ ਕਿ "ਅੱਜ ਦੇ ਹਾਲਾਤ ਵਿਚ ਮਾਰਕਸ ਦੇ ਸੁਪਨਿਆਂ ਦਾ ਨਿਜ਼ਾਮ ਉਸਾਰ ਸਕਣਾ ਅਸੰਭਵ ਹੈ" ਸੁਨਸਨੀ ਪੈਦਾ ਕਰ ਦਿੱਤੀ।ਉਸਨੇ ਬੜੀ ਦਲੇਰੀ ਅਤੇ ਜ਼ੁਰੱਅਤ ਨਾਲ ਮੂਲ ਮਾਰਕਸਵਾਦ ਵਿਚ ਕੁੱਝ ਬੁਨਿਆਦੀ ਤਬਦੀਲੀਆਂ ਦੇ ਸੁਝਾ ਰੱਖੇ।ਕਿਉਂ ਕਿ ਯੂਰਪ ਦੇ ਇੰਨ੍ਹਾਂ ਨੇਤਾਵਾਂ ਨੇ ਚੰਗੀ ਤਰ੍ਹਾਂ ਸਮਝ ਲਿਆ ਹੈ ਕਿ ਅੱਜ ਦੇ ਮਜ਼ਦੂਰ ਅਤੇ ਮਾਰਕਸ ਦੇ ਕਲਪਤ 'ਸਰਵਹਾਰ' ਵਿਚ ਜ਼ਿਮੀ ਅਸਮਾਨ ਦਾ ਅੰਤਰ ਹੈ।ਜਿੱਥੇ ਮਾਰਕਸ ਸਿਰਫ ਰੋਟੀ ਦਾ ਇਕ ਟੁਕੜਾ ਪਾ ਕੇ, ਪ੍ਰੋਲਤਾਰੀਆਂ ਦੀ ਤਾਨਾਸ਼ਾਹੀ ਦੇ ਨਾਂ ਹੇਠ ਮਨੁੱਖੀ ਸੁਤੰਤ੍ਰਤਾ ਦਾ ਹਨਨ ਕਰਦਾ ਹੈ, ਉਥੇ 'ਯੂਰੋ ਕਮਿਊਨਿਜ਼ਮ' ਦੇ ਇਹ ਝੰਡਾ ਬਰਦਾਰ ਆਪਣੇ ਲੋਕਾਂ ਦੀ ਅਜ਼ਾਦੀ, ਲੋਕ-ਰਾਜ ਅਤੇ ਮਨੁੱਖੀ ਅਜ਼ਾਦੀ ਪ੍ਰਤੀ ਮੋਹ ਅਤੇ ਲਗਨ ਵੇਖ ਕੇ, ਧਰਮ ਲੋਕ-ਰਾਜੀ ਪ੍ਰਣਾਲੀ, ਬਹੁ ਪਾਰਟੀ ਸਿਸਟਮ, ਕੁੱਝ ਹੱਦ ਤੱਕ ਨਿੱਜੀ ਜਾਇਦਾਦ ਅਤੇ ਲਿਖਣ ਬੋਲਣ ਤੇ ਕੰਮ ਕਰਨ ਦੀ ਅਜ਼ਾਦੀ ਦਾ ਵਚਨ ਦਿੰਦੇ ਹਨ।ਇਥੇ ਇਹ ਗੱਲ ਦੱਸਦੀ ਹੈ ਕਿ ਹਵਾ ਦਾ ਰੁਖ ਕਿੱਧਰ ਹੈ? ਤੇ ਕਿਵੇਂ ਮਾਰਕਸਵਾਦ ਤੇਜ਼ੀ ਨਾਲ ਆਪਣੇ ਅੰਤ ਵੱਲ ਵਧ ਰਿਹਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੂੰਜੀਵਾਦ ਦੀ ਮੌਤ ਯਕੀਨੀ ਹੈ, ਅਤੇ ਇਹ ਆਪਣੇ ਮੌਜੂਦਾ ਰੂਪ ਵਿਚ ਕਿਸੇ ਵੀ ਹਾਲਾਤ ਵਿਚ ਜ਼ਿੰਦਾ ਨਹੀਂ ਰਹਿ ਸਕਦਾ।ਪਰ ਮਾਰਕਸ ਦਾ ਇਹ ਨਿਰਣਾ ਕਿ ਸਰਮਾਏਦਾਰੀ ਦੀ ਮੌਤ ਤੋਂ ਬਾਅਦ ਪ੍ਰੋਲਤਾਰੀਆਂ ਦੀ ਤਾਨਾਸ਼ਾਹੀ ਕਾਇਮ ਹੋ ਜਾਵੇਗੀ, ਇਕ ਤਰ੍ਹਾਂ ਨਾਲ ਇਤਿਹਾਸ ਦੇ ਚੱਕਰ ਨੂੰ ਪੁੱਠਾ ਗੇੜਾ ਦੇਣ ਦੇ ਤੁੱਲ ਹੈ।ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਭਵਿੱਖ ਲੋਕ-ਰਾਜ ਅਤੇ ਮਨੁੱਖ-ਵਾਦ ਦਾ ਹੈ।ਭਾਵੀ ਮਨੁੱਖ ਕਿਸੇ ਤਰ੍ਹਾਂ ਦੀ ਤਾਨਾਸ਼ਾਹੀ ਨੂੰ ਬਰਦਾਸ਼ਤ ਨਹੀਂ ਕਰੇਗਾ।ਬੇਸ਼ੱਕ ਯੂਰੋ ਕਮਿਊਨਿਜ਼ਮ ਦੇ ਹਾਮੀ, ਯੂਰਪੀ ਕਮਿਊਨਿਸਟਾਂ ਦਾ ਨਵਾਂ ਪੈਂਤੜਾ ਇਕ ਸੁਖਾਵੀਂ ਤਬਦੀਲੀ ਦਾ ਸੂਚਕ ਹੈ, ਪਰ ਅਸਲ ਗੱਲ ਇਹ ਹੈ ਕਿ ਅੱਜ ਦੇ ਯੁਗ ਦਾ ਚੇਤੰਨ ਮਜ਼ਦੂਰ, ਕਿਸਾਨ ਤੇ ਬੁਧੀ-ਜੀਵੀ ਕਿਸੇ ਸੂਰਤ ਵਿਚ ਵੀ ਬੌਧਿਕ ਗੁਲਾਮੀ ਜਾਂ ਕਿਸੇ ਰੂਪ ਵਿਚ ਵੀ ਕਮਿਊਨਿਜ਼ਮ ਨੂੰ ਸਹਿਨ ਕਰਨ ਨੂੰ ਤਿਆਰ ਨਹੀਂ।

ਇਕ ਦਿਲਚਸਪ ਗੱਲ ਆਮ ਵੇਖਣ ਵਿਚ ਆਉਂਦੀ ਹੈ ਕਿ ਜਦੋਂ ਕਿਸੇ ਕਮਿਊਨਿਸਟ ਨੂੰ ਨਿਰਪੱਖ ਆਰਥਿਕ ਵਿਗਿਆਨੀ ਇਹ ਕਹਿੰਦੇ ਹਨ, ਕਿ ਪੂੰਜੀਵਾਦ ਦੀ ਮੌਤ ਤਾਂ ਹੋਣੀ ਹੀ ਹੈ, ਪਰ ਕਮਿਊਨਿਜ਼ਮ ਦਾ ਯੁਗ ਵੀ ਖਤਮ ਹੋ ਰਿਹਾ ਹੈ, ਤਾਂ ਮਾਰਕਸਵਾਦੀ ਪਿੱਟ ਉਠਦੇ ਹਨ।ਕਿਉਂ ਕਿ ਅਜੇ ਕੁੱਝ ਦਹਾਕੇ ਪਹਿਲਾਂ ਤਾਂ ਕਮਿਊਨਿਸਟਾਂ ਨੂੰ ਇੰਜ ਲੱਗਦਾ ਸੀ ਕਿ ਧਰਤੀ ਲਾਲ ਹੋਈ ਕਿ ਹੋਈ।ਅਜੇ ਤਾਂ ਵਿਚਾਰੇ ਕਮਿਊਨਿਸਟ 'ਦੁਨੀਆਂ ਦੇ ਨਕਸ਼ੇ' ਤੇ ਲਾਲ ਲਕੀਰਾਂ ਹੀ ਮਾਰ ਰਹੇ ਸਨ, ਕਿ ਉਨ੍ਹਾਂ ਨੂੰ ਕਮਿਊਨਿਜ਼ਮ ਦੇ ਅੰਤ ਦੀਆਂ ਗੱਲਾਂ ਵੀ ਸੁਣਨੀਆਂ ਪੈ ਰਹੀਆਂ ਹਨ।

ਵੈਸੇ ਵੀ ਇਹ ਹੈਰਾਨੀ ਦੀ ਗੱਲ ਹੈ, ਕਿ ਅੱਜ ਤੋਂ ਪੰਜ ਸਦੀਆਂ ਪਹਿਲਾਂ ਰਚੇ ਗਏ ਸਿੱਖ ਸਿਧਾਂਤ, ਅੱਜ ਵੀ ਨਵੀਨ ਅਤੇ ਸਮੇਂ ਅਨੁਕੂਲ ਹਨ, ਪਰ ਮਾਰਕਸਵਾਦ ਇਕੋ ਸਦੀ ਦੀ ਉਮਰ ਹੰਢਾਣ ਬਾਅਦ ਹੀ ਬੁੱਢਾ ਹੋ ਚੁੱਕਾ ਹੈ, ਅਤੇ ਤੇਜ਼ੀ ਨਾਲ ਆਪਣੇ ਅੰਤ ਵੱਲ ਵਧ ਰਿਹਾ ਹੈ।ਕਦਮ ਕਦਮ ਤੇ ਸਮੇਂ ਦੀ ਤੇਜ਼ ਚਾਲ ਤੋਂ ਪਛੜ ਰਹੇ ਮਾਰਕਸਵਾਦ ਨੂੰ ਅਜੇ ਵੀ ਕੋਈ 'ਵਿਗਿਆਨਵਾਦ' ਕਹੇ, ਤਾਂ ਫਿਰ ਉਸਦੀ ਮਰਜ਼ੀ।ਵੈਸੈ ਵੀ ਜੋ ਵਿਚਾਰ ਜਾਂ ਨਾਂ ਇਕ ਵੇਰ ਦੁਨੀਆਂ ਤੇ ਚੱਲ ਜਾਏ, ਉਸਦਾ ਮੁਕੰਮਲ ਖਾਤਮਾ ਕਦੇ ਨਹੀਂ ਹੁੰਦਾ।ਇਸ ਲਈ ਭਾਵੇਂ ਮੂਲ ਰੂਪ ਵਿਚ ਮਾਰਕਸਵਾਦ ਮਰਨ ਕੰਢੇ ਹੈ, ਪਰ ਮਾਰਕਸਵਾਦ ਵਪਾਰੀ 'ਮਾਰਕਸ' ਦੇ ਨਾਂ ਤੇ ਆਪਣਾ ਸਿਆਸੀ ਵਪਾਰ ਅਜੇ ਕੁੱਝ ਹੋਰ ਸਮਾਂ ਜ਼ਾਰੀ ਰੱਖਣਗੇ।

ਤੁਫਾਨੀ ਚੜ੍ਹਤਲ ਅਤੇ ਹੁਸੀਨ ਨਾਹਰਿਆਂ ਨਾਲ ਸ਼ਿੰਗਾਰਿਆ ਮਾਰਕਸਵਾਦ, ਕਿਉਂ ਏਨੀ ਛੇਤੀ ਕੌਮਾਂਤਰੀ ਪੱਧਰ ਤੇ ਫੇਲ੍ਹ ਹੋਇਆ?

ਪਹਿਲੀ ਗੱਲ ਤਾਂ ਇਹ ਕਿ ਜਿਵੇਂ ਅਸੀਂ ਉਪਰ ਦੱਸ ਆਏ ਹਾਂ ਮਾਰਕਸਵਾਦ ਦੇ ਬਾਨੀਆਂ ਦੀਆਂ ਬਹੁਤੀਆਂ ਅਖੌਤੀ ਵਿਗਿਆਨਕ ਪੇਸ਼ੀਨ-ਗੋਈਆਂ ਬੁਰੀ ਤਰ੍ਹਾਂ ਗਲਤ ਸਾਬਤ ਹੋਈਆਂ ਅਤੇ ਉਨ੍ਹਾਂ ਦਾ ਰਚਿਆ ਇਹ ਅਖੌਤੀ ਵਿਗਿਆਨਕ 'ਵਾਦ' ਵਿਵਹਾਰਕ ਤੌਰ ਤੇ ਕਿਤੇ ਵੀ ਸਫਲਤਾ ਨਾਲ ਲਾਗੂ ਨਹੀਂ ਹੋ ਸਕਿਆ ਅਤੇ ਮਹਿਜ਼ ਇਕ ਹੁਸੀਨ ਸ਼ਬਦ-ਜਾਲ ਬਣ ਕੇ ਹੀ ਰਹਿ ਗਿਆ ਹੈ।

ਦੂਜਾ ਮਾਰਕਸਵਾਦ ਕਿਤੇ ਵੀ ਆਮ ਲੋਕਾਂ ਦੀ ਮਰਜ਼ੀ ਅਨੁਸਾਰ ਨਹੀਂ, ਸਗੋਂ ਖ਼ੂਨ ਖਰਾਬੇ ਅਤੇ ਫੌਜੀ ਤਾਕਤ ਨਾਲ ਹੀ ਆਇਆ ਹੈ, ਜਿੱਥੇ ਜਿੱਥੇ ਇਹ ਕਾਇਮ ਹੈ।ਉਸਦਾ ਕਾਰਨ ਲੋਕਾਂ ਦੀ ਮਰਜ਼ੀ ਨਹੀਂ, ਸਗੋਂ ਰੂਸ ਦੀ ਅਥਾਹ ਫੌਜੀ ਤਾਕਤ ਹੈ।ਪੂਰਬੀ ਯੂਰਪ ਦੇ ਸਾਰੇ ਦੇਸ਼ਾਂ, ਜਿੰਨ੍ਹਾਂ ਵਿਚ ਰੂਸੀ ਤਰਜ਼ ਦਾ ਮਾਰਕਸਵਾਦ ਜ਼ਬਰੀ ਤੌਰ ਤੇ ਲਾਗੂ ਹੈ, ਬੁਰੀ ਤਰ੍ਹਾਂ ਗੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜੇ ਹੋਏ ਦੇਸ਼ ਹਨ।ਚੈਕੋਸਲਵਾਕੀਆ ਅਤੇ ਹੰਗਰੀ ਦੇ ਪੀੜਤ ਲੋਕਾਂ ਨੇ ਜਦੋਂ ਥੋੜੇ ਬਹੁਤ ਯਤਨ ਆਰੰਭੇ, ਤਾਂ ਰੂਸ ਨੇ ਸਾਮਰਾਜੀ ਢੰਗ ਨਾਲ ਲੋਕ ਰਾਜੀ ਲਹਿਰਾਂ ਨੂੰ ਕੁਚਲ ਕੇ ਰੱਖ ਦਿੱਤਾ।ਅੱਜ ਕੱਲ ਪੋਲੈਂਡ ਦੇ ਰੂਸੀ ਸਿਕੰਜੇ ਵਿਚ ਜਕੜੇ ਮਿਹਨਤਕਸ਼, ਆਰਥਿਕ ਅਤੇ ਰਾਜਸੀ ਅਜਾਦੀ ਲਈ ਸੰਘ੍ਰਸ਼-ਸ਼ੀਲ ਹਨ।

ਸਾਡੇ ਗੁਆਂਢ ਅਫਗਾਨਸਤਾਨ ਵਿਚ ਰੂਸ ਦੇ ਮਾਰਕਸੀ ਜਾਲ ਨੂੰ ਤਾਰ ਤਾਰ ਕਰਨ ਲਈ ਬਹਾਦਰ ਅਫਗਾਨ ਗੁਰੀਲੇ ਯਤਨਸ਼ੀਲ ਹਨ।ਬੇਸ਼ੱਕ ਲੋਕਾਂ ਦੀਆ ਜ਼ੁਬਾਨਾਂ ਬੰਦ ਹਨ, ਪਰ ਲਾਵਾ ਅੰਦਰੋ ਅੰਦਰ ਉਬਲ ਰਿਹਾ ਹੈ, ਅਤੇ ਉਹ ਦਿਨ ਦੂਰ ਨਹੀਂ, ਜਦੋਂ ਇਹ ਲਾਵਾ ਇਕ ਭਿਅੰਕਰ ਸੁਰਖ ਜਵਾਲਾ ਦੇ ਰੂਪ ਵਿਚ ਭੜਕ ਕੇ, ਕੇਵਲ ਰੂਸੀ ਕਲੋਨੀਆਂ ਵਿਚ ਹੀ ਨਹੀਂ, ਸਗੋਂ ਨਵੇਂ ਸਾਮਰਾਜੀ ਰੂਸ ਵਿਚੋਂ ਵੀ ਮਾਰਕਸੀ ਸਾਮਰਾਜ ਨੂੰ ਸਾੜ ਕੇ ਤਬਾਹ ਕਰ ਦੇਵੇਗਾ।

ਕਮਿਊਨਿਜ਼ਮ ਦੀ ਲੋਕ ਪ੍ਰੀਅਤਾ ਬਾਰੇ ਵੀ ਹੁਣ ਕਿਸੇ ਨੂੰ ਕੋਈ ਭੁਲੇਖਾ ਨਹੀਂ ਰਹਿ ਗਿਆ।ਸਗੋਂ ਜਰਮਨੀ ਵਿਚ ਸਥਿਤ ਬਰਲਿਨ ਦੀ ਦੀਵਾਰ ਨੇ ਸਾਰੇ ਭੁਲੇਖੇ ਦੂਰ ਕਰ ਦਿੱਤੇ ਹਨ।ਕਮਿਊਨਿਸਟ ਆਮ ਤੌਰ ਤੇ ਇਹ ਗੁਮਰਾਹਕੁਨ ਪ੍ਰਾਪੇਗੰਡਾ ਕਰਦੇ ਹਨ, ਕਿ ਪੂੰਜੀਵਾਦੀ (ਲੋਕ ਤੰਤਰਿਕ) ਦੇਸ਼ਾਂ ਵਿਚ ਮਿਹਨਤਕਸ਼ ਦਾ ਸ਼ੋਸ਼ਨ ਕੀਤਾ ਜਾਂਦਾ ਹੈ, ਲੋਕ ਦੁਖੀ ਹਨ।ਸਰਮਾਏਦਾਰੀ ਗਰੀਬਾਂ ਨੂੰ ਲੁੱਟਦੀ ਹੈ ਅਤੇ ਲੋਕ ਸਰਮਾਏਦਾਰੀ ਨੂੰ ਗਲੋਂ ਲਾਹੁਣਾ ਚਾਹੁੰਦੇ ਹਨ।ਲੋਕ ਤੰਤਰ ਦੇ ਪਰਦੇ ਹੇਠ ਚਲਦੀ ਪੂੰਜੀਵਾਦ ਅਰਥ ਵਿਵਸਥਾ ਨਰਕ ਦੇ ਬਰਾਬਰ ਹੈ।ਅਸੀਂ ਇਥੇ ਪੂੰਜੀਵਾਦ ਦੀ ਹਮਾਇਤ ਨਹੀਂ ਕਰਦੇ, ਸਗੋਂ ਸਮਝਦੇ ਹਾਂ, ਕਿ ਪੂੰਜੀਵਾਦ ਆਪਣੀ ਉਮਰ ਹੰਢਾ ਚੁੱਕਿਆ, ਵਾਦ ਹੈ, ਅਤੇ ਨਿਕਟ ਭਵਿੱਖ ਵਿਚ ਇਸਦੀ ਮੌਤ ਯਕੀਨੀ ਹੈ।ਪਰ ਹੈਰਾਨੀ ਇਹ ਹੈ ਕਿ ਇਕ ਉਦਯੋਗਿਕ ਤੌਰ ਤੇ ਉਨਤ ਦੇਸ਼ ਜਿਸਦੀ ਸਾਰੀ ਆਬਾਦੀ ਮਾਰਕਸ ਦੇ ਸ਼ਬਦਾਂ ਅਨੁਸਾਰ ਪ੍ਰੋਲਤਾਰੀ ਮਜ਼ਦੂਰਾਂ ਦੀ ਹੈ, ਵਿਚ ਵੀ ਕਮਿਊਨਿਸਟਾਂ ਦੇ ਪੈਰ ਨਹੀਂ ਲੱਗ ਰਹੇ।ਸਗੋਂ ਪੂਰਬੀ ਜਰਮਨੀ ਦੀ ਰੂਸੀ ਕਾਲੋਨੀ ਨੂੰ ਬਿਜਲੀ ਦੇ ਕਰੰਟ ਵਾਲੀਆਂ ਤਾਰਾਂ ਅਤੇ ਉਚੀ ਦੀਵਾਰ ਨਾਲ ਘੇਰ ਕੇ ਰੱਖਿਆ ਗਿਆ ਹੈ।ਇਸ ਲਈ ਨਹੀਂ ਕਿ ਕਮਿਊਨਿਸਟਾਂ ਦੇ ਸਵਰਗ ਵਿਚ ਕੋਈ ਪੱਛਮੀ ਜਰਮਨੀ ਦਾ 'ਰਾਖਸ਼ਸ਼' ਨਾਂ ਆ ਜਾਵੇ, ਸਗੋਂ ਇਸ ਲਈ ਕਿ ਕਮਿਊਨਿਸਟ ਸਵਰਗ ਵਿਚ ਪ੍ਰੋਲਤਾਰੀ 'ਦੇਵਤੇ' ਏਨੀ ਭਾਰੀ ਗਿਣਤੀ ਵਿਚ ਨਿਕਲ ਕੇ ਪੱਛਮੀ ਜਰਮਨੀ ਦੇ ਨਰਕ ਚ ਜਾ ਰਹੇ ਹਨ ਤੇ ਜੇ ਰੋਕ-ਥਾਮ ਨਾਂ ਕੀਤੀ ਗਈ ਤਾਂ ਕਮਿਊਨਿਜ਼ਮ ਸਿਰਫ ਕਾਰਖਾਨਿਆਂ ਦੀਆਂ ਮਸ਼ੀਨਾਂ ਤੇ ਹੀ ਲਾਗੂ ਹੋਵੇਗਾ।

ਸਪਸ਼ਟ ਹੈ ਕਿ ਅੱਜ ਦੇ ਯੁਗ ਵਿਚ ਲੋਕ ਆਪਣੇ ਅਧਿਕਾਰਾਂ ਤੇ ਕਿਸੇ ਤਰ੍ਹਾਂ ਦੀ ਰੋਕ ਪ੍ਰਵਾਨ ਨਹੀਂ ਕਰਦੇ ਅਤੇ ਲੋਕ-ਤੰਤਰੀ ਢੰਗ ਦੇ ਨਿਜ਼ਾਮ ਪ੍ਰਵਾਨ ਕਰਦੇ ਹਨ।

ਭਾਵੇਂ ਮਾਰਕਸ ਦਾ ਕਿਤਾਬੀ ਨਿਰਣਾ ਇਹ ਸੀ ਕਿ ਜਦੋਂ ਪੂੰਜੀਵਾਦ ਆਪਣੇ ਸਿਖਰ ਤੇ ਪੁੱਜ ਜਾਵੇਗਾ, ਤਾਂ ਰਾਜ ਪਲਟਾ ਜ਼ਰੂਰ ਆਵੇਗਾ।ਪਰ ਇਸਦੇ ਉਲਟ ਮਾਰਕਸੀ ਰਾਜ ਪਲਟਾ ਆਇਆ ਉਥੇ, ਜਿਥੋਂ ਦੇ ਲੋਕ ਅੱਤ ਦੇ ਪਛੜੇ ਹੋਏ ਭੁੱਖਮਰੀ ਦਾ ਸ਼ਿਕਾਰ ਤੇ ਅੰਤਾਂ ਦੇ ਗਰੀਬ ਸਨ।ਇਥੋਂ ਤੱਕ ਕਿ ਉਨ੍ਹਾਂ ਨੇ ਸਰਮਾਏਦਾਰੀ ਦਾ ਸਿਖਰ ਤਾਂ ਕੀ ਵੇਖਣਾ ਸੀ, ਸਗੋਂ ਉਨ੍ਹਾਂ ਨੇ ਅਜੇ ਪੂੰਜੀਵਾਦੀ ਅਰਥ ਵਿਵਸਥਾ ਦੇ ਦਰਸ਼ਨ ਵੀ ਨਹੀਂ ਸਨ ਪਾਏ।ਉਹ ਅਜੇ ਜਗੀਰਦਾਰੀ ਨਿਜ਼ਾਮ ਚ ਹੀ ਵਿਚਰ ਰਹੇ ਸਨ ਕਿ ਮਾਰਕਸਵਾਦੀ ਸ਼ਿਕੰਜੇ ਵਿਚ ਜਕੜੇ ਗਏ।

ਮਾਰਕਸ ਦੀ ਦਿਲ ਫਰੇਬ ਤੇ ਦਿਲਕਸ਼ ਸ਼ਬਦਾਵਲੀ ਤੋਂ ਪ੍ਰਭਾਵਤ ਹੋ ਕੇ, ਉਨ੍ਹਾਂ ਨੇ ਮਾਰਕਸਵਾਦੀ ਰਾਜ ਤੰਤਰ ਨੂੰ ਅਪਣਾਇਆ, ਪਰ ਅੰਤ ਭੈੜੀ ਤਰ੍ਹਾਂ ਦੀ ਗੁਲਾਮੀ ਚ ਫਸ ਗਏ, ਪਰ ਹੁਣ ਕੀ ਹੋ ਸਕਦਾ ਸੀ?

"ਅਬ ਪਛਤਾਏ ਕਿਆ ਹੋਤ ਜਬ ਚਿੜੀਆ ਚੁਗ ਗਈ ਖੇਤ"

ਨਵੇਂ ਨਵੇਂ ਅਜਾਦ ਹੋਏ ਜਾਂ ਬਰਤਾਨਵੀ ਬਸਤੀਵਾਦ ਪੂੰਜੀਵਾਦ ਦਾ ਸ਼ਿਕਾਰ ਦੇਸ਼ਾਂ ਨੇ, ਮਾਰਕਸ ਦੇ ਦਿਲਕਸ਼ ਤੇ ਭਰਮਾਊ ਨਾਅਰਿਆ ਤੋਂ ਪ੍ਰਭਾਵਿਤ ਹੋ ਕੇ, ਮਾਰਕਸੀ ਦੇਸ਼ਾਂ, ਰੂਸ ਜਾਂ ਚੀਨ ਵੱਲ ਮਿੱਤ੍ਰਤਾ ਦਾ ਹੱਥ ਵਧਾਇਆ।ਪਰ ਜਿਉਂ ਹੀ ਉਨ੍ਹਾਂ ਨੇ ਮਾਰਕਸਵਾਦ ਦਾ ਅਸਲ ਰੂਪ ਅਤੇ ਕਮਿਊਨਿਸਟ ਦੇਸ਼ਾਂ ਦੀ 'ਅਮਨ ਅਤੇ ਪ੍ਰਸਪਰ ਸਹਿਹੋਂਦ' ਦੇ ਪਰਦੇ ਹੇਠ ਛੁਪੀ ਸ਼ੋਸ਼ਨਵਾਦੀ ਤਸਵੀਰ ਵੇਖੀ, ਤਾਂ ਉਨ੍ਹਾਂ ਦਾ ਮਾਰਕਸਵਾਦ ਪ੍ਰਤੀ ਉਠਿਆ ਜੋਸ਼ ਠੰਢਾ ਪੈ ਗਿਆ, ਤੇ ਉਹ ਵਿਸ਼ਵ 'ਲਾਲ ਇਨਕਲਾਬ' ਦੀ ਥਾਂ ਰਾਸ਼ਟਰਵਾਦੀ ਸਮਾਜਵਾਦ ਵੱਲ ਮੁੜ ਪਏ।

ਮਾਰਕਸਵਾਦ ਬਾਰੇ ਨਿਰਪੱਖ ਦੇਸ਼ਾਂ ਦੇ ਲੋਕਾਂ ਵਿਚ ਵੱਡੀ ਖਿੱਚ ਇਸ ਲਈ ਸੀ, ਕਿ ਇਹ ਨਸਲਵਾਦ, ਸਾਮਰਾਜੀ ਜ਼ਿਹਨੀਅਤ, ਆਰਥਿਕ, ਸਮਾਜਿਕ ਤੇ ਹੋਰ ਹਰ ਤਰ੍ਹਾਂ ਦੀ ਲੁੱਟ-ਖਸੁੱਟ ਦਾ ਵਿਰੋਧ ਕਰਦਾ ਸੀ।ਇਹ ਸਾਰੇ ਦੇਸ਼ ਕਿਉਂ ਕਿ ਪੂੰਜੀਵਾਦੀ ਬਸਤੀਵਾਦ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਰਹੇ ਸਨ।ਇਸ ਲਈ ਇੰਨ੍ਹਾਂ ਦਾ ਇਧਰ ਝੁਕਾ ਹੋ ਜਾਣਾ ਕੁਦਰਤੀ ਸੀ। ਪਹਿਲਾਂ ਪਹਿਲ ਲੋਕ ਕਮਿਊਨਿਸਟ ਦੇਸ਼ਾਂ ਦੇ ਇਸ ਪ੍ਰਭਾਵ ਹੇਠ ਆ ਗਏ ਸਨ, ਕਿ ਜਿੱਥੇ ਸਾਮਰਾਜੀ ਤੇ ਪੂੰਜੀਵਾਦੀ ਦੇਸ਼ ਆਪਣੀਆਂ ਸ਼ਰਤਾਂ ਅਧੀਨ, ਆਰਥਿਕ ਤੇ ਰਾਜਸੀ ਦਬਾ ਪਾਕੇ, ਮੱਦਦ ਕਰਦੇ ਸਨ ਅਤੇ ਨਵ-ਉਨਤੀਸ਼ੀਲ ਜਾਂ ਪਛੜੇ ਹੋਏ ਦੇਸ਼ਾਂ ਦੀਆਂ ਸਰਕਾਰਾਂ ਨੂੰ ਆਪਣੇ ਹੱਥ ਠੋਕੇ ਬਣਾ ਕੇ ਵਰਤਦੇ ਹਨ, ਉਥੇ ਕਮਿਊਨਿਸਟ ਦੇਸ਼ ਵਿਸ਼ਵ ਭਾਈਚਾਰੇ ਨੂੰ ਮਜ਼ਬੂਤ ਕਰਨ ਅਤੇ ਸੰਸਾਰ ਅਮਨ ਲਈ ਯਤਨਸ਼ੀਲ ਹਨ ਅਤੇ ਹਰ ਤਰ੍ਹਾਂ ਦੀ ਲੁੱਟ ਖਸੁੱਟ ਦੇ ਵਿਰੁੱਧ ਹਨ।

ਪਰ ਜਦੋਂ ਮਾਰਸ਼ਲ ਟੀਟੋ ਨੇ ਰੂਸ-ਯੂਗੋਸਲਾਵੀਆ ਸਬੰਧਾਂ ਨੂੰ ਲੈ ਕੇ ਰੂਸ ਦੀ ਦੋ-ਰੰਗੀ ਸਾਮਰਾਜੀ ਨੀਤੀ ਦੀ ਪੋਲ ਖੋਲ੍ਹੀ, ਤਾਂ ਤੀਜੀ ਦੁਨੀਆਂ ਦੇ ਲੋਕਾਂ ਦੀਆਂ ਅੱਖਾਂ ਖੁਲ੍ਹ ਗਈਆਂ।ਇਸ ਤੋਂ ਬਾਅਦ ਰੂਸ ਚੀਨ ਦੇ ਸਬੰਧਾਂ ਚ ਆਏ ਵਿਗਾੜ ਦੇ ਕਾਰਨ ਅਤੇ ਇਕ ਦੂਜੇ ਪ੍ਰਤੀ ਲਾਏ ਦੂਸ਼ਨਾਂ ਨੇ ਰਹਿੰਦੀ ਖੂੰਹਦੀ ਕਸਰ ਵੀ ਕੱਢ ਦਿੱਤੀ।ਹੰਗਰੀ, ਚੈਕੋਸਲਵਾਕੀਆ ਅਤੇ ਹੁਣ ਪੋਲੈਂਡ ਵਿਚ ਉਠੀ ਕੰਮ ਕਰਨ ਦੀ ਅਜਾਦੀ, ਲਿਖਣ ਬੋਲਣ ਅਤੇ ਬਾਕੀ ਅਜਾਦ ਦੁਨੀਆਂ ਨਾਲ ਆਰਥਿਕ ਸਬੰਧ ਕਾਇਮ ਕਰਨ ਦੀ ਸੁਤੰਤ੍ਰਤਾ ਦੀ ਮੰਗ, ਤੇ ਜੋ ਰਵੱਈਆ ਰੂਸ ਦੀ ਅਖੌਤੀ ਸਮਾਜਵਾਦੀ ਕਮਿਊਨਿਸਟ ਸਰਕਾਰ ਨੇ ਅਪਣਾਇਆ, ਉਸ ਨੇ ਕਮਿਊਨਿਸਟਾਂ ਦੀ ਅਸਲੀ ਜ਼ਾਬਰਾਨਾ ਤਸਵੀਰ ਲੋਕਾਂ ਸਾਹਮਣੇ ਲਿਆ ਦਿੱਤੀ।ਹੁਣ ਸੰਸਾਰ ਦੇ ਲੋਕਾਂ ਨੂੰ ਸਪੱਸ਼ਟ ਹੋ ਗਿਆ ਹੈ, ਕਿ ਮਨੁੱਖੀ ਅਜਾਦੀ ਦੇ ਅਖੌਤੀ ਪਹਿਰੇਦਾਰ ਇਹ ਕਮਿਊਨਿਸਟ, ਅਸਲ ਵਿਚ ਮਨੁੱਖੀ ਅਜਾਦੀ ਦੇ ਸਭ ਤੋਂ ਵੱਧ ਖਤਰਨਾਕ ਦੁਸ਼ਮਣ ਹਨ, ਅਤੇ ਸਮਾਜਵਾਦ ਦੇ ਪਰਦੇ ਹੇਠ, ਵਿਸ਼ਵ ਨੂੰ ਰੂਸੀ ਸਾਮਰਾਜ ਦੇ ਤਾਨਾਸ਼ਾਹੀ ਪੰਜੇ ਚ ਜਕੜਨਾ ਚਾਹੁੰਦੇ ਹਨ।ਹੁਣ ਬਹੁਤ ਸਾਰੇ ਨਿਰਪੱਖ, ਤਰੱਕੀ ਯਾਫਤਾ ਅਤੇ ਪਛੜੇ ਹੋਏ ਦੇਸ਼ ਇੰਨ੍ਹਾਂ ਅਖੌਤੀ ਕ੍ਰਾਂਤੀਕਾਰੀਆਂ ਦੀਆਂ ਲੂੰਬੜਚਾਲਾਂ ਤੋਂ ਸੁਚੇਤ ਹੋ ਗਏ ਹਨ।

ਹੁਣ ਲੋਕ ਚੰਗੀ ਤਰ੍ਹਾਂ ਸਮਝ ਗਏ ਹਨ ਕਿ ਜੰਗਬਾਜ਼ ਸਿਰਫ ਪੂੰਜੀਵਾਦ ਹੀ ਨਹੀਂ, ਸਗੋਂ ਇਹ ਨਵੇਂ ਸਾਮਰਾਜੀ (ਕਮਿਊਨਿਸਟ) ਜ਼ਿਆਦਾ ਖਤਰਨਾਕ, ਜੰਗਬਾਜ਼ ਅਤੇ ਜੰਗੀ ਸਮਾਨ ਦੇ ਵਪਾਰੀ ਹਨ।ਇਹ ਪਛੜੇ ਹੋਏ ਦੇਸ਼ਾਂ ਤੇ ਆਰਥਿਕ ਤੇ ਰਾਜਸੀ ਦਬਾਅ ਪਾ ਕੇ, ਉਨ੍ਹਾਂ ਨੂੰ ਕੱਚੇ ਮਾਲ ਦੀਆਂ ਮੰਡੀਆਂ ਬਣਾ ਕੇ, ਉਨ੍ਹਾਂ ਦੀ ਸਾਮਰਾਜੀ ਲੁੱਟ ਖਸੁੱਟ ਜਾਰੀ ਰੱਖਣਾ ਚਾਹੁੰਦੇ ਹਨ।ਅੱਜ ਜੰਗੀ ਸਮਾਨ ਵੇਚਣ ਵਿਚ ਜੇ ਪਹਿਲਾ ਨੰਬਰ ਜੰਗਬਾਜ਼ ਅਮਰੀਕਾ ਦਾ ਹੈ, ਤਾਂ ਦੂਜਾ ਤੇ ਤੀਜਾ ਨੰਬਰ ਇੰਨ੍ਹਾਂ ਅਖੌਤੀ ਅਮਨ-ਪੁਜਾਰੀ ਮਾਰਕਸਵਾਦੀ ਦੇਸ਼ਾਂ ਰੂਸ ਅਤੇ ਚੀਨ ਦਾ ਹੈ।

ਬਾਕੀ ਕਮ੍ਰਿਨਿਸਟ ਦੇਸ਼ਾਂ ਦੀ ਹੋਈ ਪ੍ਰਗਤੀ ਦਾ ਜਿੱਥੋਂ ਤੱਕ ਸਬੰਧ ਹੈ, ਕਮਿਊਨਿਸਟ ਭਾਵੇਂ ਕਿੰਨਾਂ ਵੀ ਝੂਠਾ ਪ੍ਰਚਾਰ ਕਰੀ ਜਾਣ, ਪਰ ਹੁਣ ਇਹ ਗੱਲ ਕੁਲ ਦੁਨੀਆਂ ਜਾਣ ਗਈ ਹੈ ਕਿ ਕਮਿਊਨਿਸਟ ਦੇਸ਼ਾਂ ਦੀ ਆਰਥਿਕਤਾ ਕੋਈ ਬਹੁਤੀ ਪ੍ਰਭਾਵਸ਼ਾਲੀ ਨਹੀਂ।ਇਹ ਆਪ ਭਾਵੇਂ ਕਿੰਨਾਂ ਵੀ ਪਰਦਾ ਰੱਖਦੇ, ਪਰ ਚੀਨ ਰੂਸੀ ਟੱਕਰ ਤੋਂ ਬਾਅਦ ਇੰਨ੍ਹਾਂ ਨੇ ਆਪ ਹੀ ਇਕ ਦੂਜੇ ਦੇ ਪਰਦੇ ਪਾੜਨੇ ਅਤੇ ਗੁਪਤ ਭੇਦ ਖੋਲ੍ਹਣੇ ਸ਼ੁਰੂ ਕਰ ਦਿੱਤੇ ਹਨ।

ਮਾਰਕਸ ਦੇ ਰੂਸੀ ਚੇਲੇ ਕਹਿੰਦੇ ਹਨ ਕਿ ਚੀਨੀ ਆਰਥਿਕਤਾ ਦਾ ਬੇੜਾ ਗਰਕ ਹੋ ਰਿਹਾ ਹੈ, ਚੀਨ ਵਿਚ ਦਿਨੋਂ ਦਿਨ ਭੁੱਖ-ਮਰੀ ਦੀ ਹਾਲਤ ਹੋ ਜਾਣ ਕਰ ਕੇ ਲੋਕ ਬਗਾਵਤ ਵੱਲ ਤੁਰ ਪਏ ਹਨ।ਐਨ ਇਸਦੇ ਉਲਟ ਮਾਰਕਸ ਦੇ ਚੀਨੀ ਚੇਲੇ ਰੂਸ ਨੂੰ ਸਮਾਜੀ ਸਾਮਰਾਜ ਕਹਿ ਕੇ ਭੰਡਦੇ ਅਤੇ ਐਲਾਨੀਆਂ ਕਹਿੰਦੇ ਹਨ, ਕਿ ਰੂਸ ਵੀ ਉਨ੍ਹਾਂ ਰਾਹਾਂ ਤੇ ਚੱਲ ਰਿਹਾ ਹੈ, ਜਿੰਨ੍ਹਾਂ ਤੇ ਅਮਰੀਕਾ।ਰੂਸ ਬਸਤੀਵਾਦ ਰਾਹੀਂ ਲੁੱਟ ਖਸੁੱਟ ਦੇ ਉਹ ਹੀ ਹੱਥ-ਕੰਡੇ ਵਰਤਦਾ ਹੈ, ਜੋ ਦੂਜੇ ਸਾਮਰਾਜੀ ਦੇਸ਼ ਵਰਤਦੇ ਹਨ।

ਇਥੇ ਸਾਡਾ ਇਹ ਮਤਲਬ ਨਹੀਂ ਕਿ ਕਮਿਊਨਿਜ਼ਮ ਦੇ ਆਉਣ ਨਾਲ ਰੂਸ ਜਾਂ ਦੂਜੇ ਕਮਿਊਨਿਸਟ ਦੇਸ਼ਾਂ ਵਿਚ ਤਰੱਕੀ ਨਹੀਂ ਹੋਈ, ਜਾਂ ਉਥੋਂ ਦੇ ਲੋਕਾਂ ਦੀ ਹਾਲਤ ਜਗੀਰਦਾਰੀ ਨਿਜ਼ਾਮ ਨਾਲੋਂ ਵਧੀਆ ਨਹੀਂ ਹੋਈ।ਤਰੱਕੀ ਵੀ ਹੋਈ ਹੈ, ਅਤੇ ਉਥੋਂ ਦੇ ਲੋਕਾਂ ਦੀ ਆਰਥਿਕ ਹਾਲਤ ਵੀ ਸੁਧਰੀ ਹੈ।ਪਰ ਕੀ ਅੱਜ ਦਾ ਮਿਹਨਤਕਸ਼ ਕਾਮਾ ਇੰਨੀ ਗੱਲ ਪਿੱਛੇ ਕਿ ਕੋਈ ਸਰਕਾਰ ਉਸਨੂੰ ਸਾਰਾ ਦਿਨ ਪਸ਼ੂ ਵਾਂਗ ਵਰਤ ਕੇ ਬਾਅਦ ਵਿਚ ਰੱਜਵਾਂ ਚਾਰਾ ਖੁਆ ਦਿੰਦੀ ਹੈ, ਨਾਲ ਸੰਤੁਸ਼ਟ ਹੋ ਜਾਂਦਾ ਹੈ?ਕੀ ਸਿਰਫ ਰੋਟੀ ਦੇ ਕੁੱਝ ਟੁੜਿਆਂ ਲਈ, ਅੱਜ ਦੇ ਉਨਤਸ਼ੀਲ ਯੁਗ ਦਾ ਕੋਈ ਸੂਝ-ਬੂਝ ਰੱਖਦਾ ਕਾਮਾ, ਮਨੁੱਖੀ ਸੁਤੰਤ੍ਰਤਾ, ਸੱਭਿਆਚਾਰ, ਧਰਮ ਅਤੇ ਵਿਰਸੇ ਨੂੰ ਗਿਰਵੀ ਰੱਖਣ ਲਈ ਤਿਆਰ ਹੋ ਸਕਦਾ ਹੈ?

ਸਭ ਤੋਂ ਮੁੱਖ ਗੱਲ ਜਿਸਨੇ ਮਾਰਕਸਵਾਦ ਨਾਲੋਂ ਲੋਕਾਂ ਨੂੰ ਨਿਖੇੜਿਆ ਹੈ, ਉਹ ਹੈ ਮਾਰਕਸਵਾਦ ਦਾ ਮਨੁੱਖੀ ਜ਼ਿੰਦਗੀ ਚ ਬੇ-ਲੋੜਾ ਦਖਲ, ਅਤੇ ਮਨੁੱਖ ਦੀ ਅਜ਼ਾਦੀ, ਉਸਦਾ ਧਰਮ, ਲਿਖਣ ਬੋਲਣ ਤੇ ਆਪਣੇ ਰਾਜਸੀ ਵਿਚਾਰਾਂ ਨੂੰ ਪ੍ਰਗਟਾਣ ਤੇ ਸਖਤ ਪਾਬੰਦੀ।

ਹੁਣ ਜਦੋਂ ਕਿ ਰੂਸ ਵਿਚ ਕਮਿਊਨਿਜ਼ਮ ਆਏ ਨੂੰ ਛੇ ਦਹਾਕੇ ਤੋਂ ਵੱਧ ਸਮਾਂ ਹੋ ਚੁੱਕਾ ਹੈ, ਤਾਂ ਅੱਜ ਵੀ ਉਥੇ ਮਨੁੱਖੀ ਅਜਾਦੀ ਲਈ ਸੰਘ੍ਰਸ਼ ਲੜਿਆ ਜਾ ਰਿਹਾ ਹੈ, ਤਾਂ ਇਹ ਗੱਲ ਸਪਸ਼ਟ ਹੈ, ਕਿ ਇਹ ਸੰਘ੍ਰਸ਼ ਲੜਨ ਵਾਲੇ ਲੋਕ, ਕਮਿਊਨਿਸਟ ਨਿਜ਼ਾਮ ਦੀ ਹੀ ਪੈਦਾਵਾਰ ਹਨ।ਨਾਂ ਤਾਂ ਇਹ ਪੁਰਾਣੇ 'ਜ਼ਾਰ' (ਰੂਸੀ ਹੁਕਮਰਾਨ) ਦੇ ਏਜੰਟ ਹਨ, ਤੇ ਨਾਂ ਬਾਹਰੋਂ ਹਮਲਾਵਰ ਹੋਏ ਸਾਮਰਾਜੀ।ਇਹ ਗੱਲ ਦੱਸਦੀ ਹੈ ਕਿ ਕਮਿਊਨਿਜ਼ਮ ਅੱਜ ਦੇ ਚੇਤੰਨ ਕਾਮੇ ਨੂੰ ਸੰਤੁਸ਼ਟ ਕਰ ਸਕਣ ਚ ਬੁਰੀ ਤਰ੍ਹਾਂ ਫੇਲ੍ਹ ਹੋਇਆ ਹੈ।

ਰੂਸ ਦੇ ਪ੍ਰਸਿੱਧ ਬਾਗੀ ਲੇਖਕ ਅਤੇ ਨੋਬਲ ਇਨਾਮ ਜੇਤੂ ਵਿਦਵਾਨ, 'ਸੋਲਜ਼ੇਨਿਸਤਸਨ' ਜੋ ਕਿ ਇਸ ਦਹਾਕੇ ਦਾ ਸਭ ਤੋਂ ਵੱਧ ਚਰਚਤ ਬੁੱਧੀ-ਜੀਵੀ ਹੈ, ਤੇ ਜਿਸ ਨੇ ਮਨੁੱਖੀ ਅਜਾਦੀ ਦੇ ਅਧਿਕਾਰਾਂ ਦੀ ਪ੍ਰਾਪਤੀ ਲਈ ਰੂਸ ਦੇ ਜ਼ਾਬਰ ਕਮਿਊਨਿਸਟ ਹਾਕਮਾਂ ਦੇ ਵਿਰੁੱਧ ਤਿੱਖਾ ਸੰਘ੍ਰਸ਼ ਛੇੜਿਆ ਹੋਇਆ ਹੈ, ਨੇ ਮਨੁੱਖੀ ਹੱਕਾਂ ਦੇ ਕਾਤਲ, ਰੂਸੀ ਸਾਮਰਾਜੀ ਹੁਕਮਰਾਨਾਂ ਨੂੰ ਲਿਖੀ ਇਕ ਖੁੱਲ੍ਹੀ ਚਿੱਠੀ ਵਿਚ ਲਿਖਿਆ ਹੈ ਕਿ—

"ਹੁਣ ਜਦੋਂ ਅਸਾਂ ਇਸ (ਕਮਿਊਨਿਜ਼ਮ) ਦਾ ਸਵਾਦ ਚੱਖ ਲਿਆ ਹੈ, ਤਾਂ ਸਾਡੇ ਲਈ ਚੰਗਾ ਸੀ ਕਿ ਅਸੀਂ ਬਾਕੀ ਸੰਸਾਰ ਨੂੰ ਇਸਦੀ ਨਾਕਾਮੀ ਬਾਰੇ ਖਬਰਦਾਰ ਕਰੀਏ।ਪਰ ਅਸੀਂ ਇਹ ਜਾਣ ਲੈਣ ਮਗਰੋਂ ਵੀ ਅਜੇ ਬਾਕੀ ਦੁਨੀਆਂ ਨੂੰ ਹਨੇਰੇ ਚ ਰੱਖ ਰਹੇ ਹਾਂ।ਅੱਜ ਜੇ ਸਾਨੂੰ ਪੂਰੀ ਅਜਾਦੀ ਨਾਲ ਮਾਰਕਸਵਾਦ ਬਾਰੇ ਆਪਣੀ ਰਾਇ ਦੇਣ ਲਈ ਕਿਹਾ ਜਾਵੇ, ਤਾਂ ਮੈਨੂੰ ਯਕੀਨ ਹੈ ਕਿ ਸਿਰਫ ਦੋ ਫੀ ਸਦੀ ਹੀ ਲੋਕ ਇਸਦਾ ਸਮਰਥਨ ਕਰਨਗੇ, ਬਾਕੀ 98ਫੀ ਸਦੀ ਲੋਕ ਕਮਿਊਨਿਜ਼ਮ ਨੂੰ ਰੱਦ ਕਰ ਦੇਣਗੇ"।

ਅਜੇ ਵੀ ਜਿਹੜੇ ਲੋਕ ਮਾਰਕਸਵਾਦ ਦੀ ਗੱਲ ਕਰਦੇ ਹਨ, ਉਨ੍ਹਾਂ ਵਿਚੋਂ ਬਹੁ ਗਿਣਤੀ ਦੋ ਤਰ੍ਹਾਂ ਦੇ ਲੋਕਾਂ ਦੀ ਹੈ- ਇਕ ਤਾਂ ਉਹ ਜੋ 'ਕਮਿਊਨਿਜ਼ਮ' ਦੇ ਬਾਹਰਮੁਖੀ ਨਾਹਰਿਆਂ ਤੋਂ ਪ੍ਰਭਾਵਤ ਹੋਕੇ, ਬਿਨਾਂ ਡੂੰਘਾਈ ਚ ਗਿਆਂ, ਆਪਣੇ ਆਪ ਨੂੰ ਇਸ ਨਾਲ ਸਬੰਧਤ ਕਰ ਲੈਂਦੇ ਹਨ।ਦੂਜੇ ਉਹ ਹੁੰਦੇ ਹਨ ਜੋ ਅਗਾਂਹ ਵਧੂ ਹੋਣ ਦਾ ਲੇਬਲ ਲਾ ਕੇ ਖੁਸ਼ ਹੋ ਲੈਂਦੇ ਹਨ। ਕਈਆਂ ਨੇ ਤਾਂ ਮਾਰਕਸਵਾਦੀ ਅਖਵਾਣਾ ਸਿਰਫ ਫੈਸ਼ਨ ਦੇ ਤੌਰ ਤੇ ਹੀ ਅਪਣਾਇਆ ਹੋਇਆ ਹੈ।

ਬਾਕੀ ਜੇ ਕਮਿਊਨਿਜ਼ਮ ਦੇ ਭਵਿੱਖ ਬਾਰੇ ਗੱਲ ਕਰਨੀ ਹੋਵੇ ਤਾਂ ਇਟਲੀ ਦੇ ਕਮਿਊਨਿਸਟ ਨੇਤਾ ਕਾਮਰੇਡ ਬ੍ਰਲਿੰਜਰ ਨੇ ਜੋ ਕੁੱਝ ਰੂਸ ਦੀ 25ਵੀਂ ਕਮਿਊਨਿਸਟ ਇੰਟਰਨੈਸ਼ਨਲ ਕਾਨਫਰੰਸ ਮਾਸਕੋ ਵਿਚ ਕਿਹਾ ਹੈ, ਉਸ ਨੂੰ ਸਾਹਮਣੇ ਰੱਖ ਲੈਣਾ ਚਾਹੀਦਾ ਹੈ।

ਪੱਛਮੀ ਯੂਰਪ ਦੇ ਕਮਿਊਨਿਸਟਾਂ (ਯੂਰੋ-ਕਮਿਊਨਿਸਟਾਂ) ਨੇ ਜਿੰਨੀਆਂ ਖੁੱਲ੍ਹਾਂ ਮੰਗੀਆਂ ਹਨ, ਜੇ ਉਨ੍ਹਾਂ ਨੂੰ ਅਪਣਾ ਕੇ ਵੀ ਕੋਈ ਕਹੇ, ਕਿ ਉਹ ਕਮਿਊਨਿਸਟ ਹੈ, ਤਾਂ ਇਹ ਇਉਂ ਲੱਗੇਗਾ ਜਿਵੇਂ ਕੋਈ ਕਹੇ ਕਿ-

"ਮੈਂ ਕੁਰਾਨ ਦੀ ਸ਼ਰ੍ਹਾ ਨੂੰ ਨਹੀਂ ਮੰਨਦਾ, ਅਤੇ ਨਾਂ ਹੀ ਮੁਹੰਮਦ ਸਾਹਿਬ ਤੇ ਯਕੀਨ ਰੱਖਦਾ ਹਾਂ, ਪਰ ਉਂਜ ਪੱਕਾ ਮੁਸਲਮਾਨ ਹਾਂ"।

ਰੂਸ ਵਿਚ ਮਨੁੱਖੀ ਅਜਾਦੀ ਦੀ ਮੰਗ ਦੇ ਮਹਾਨ ਸੂਰਮੇ, ਹਾਈਡਰੋਜਨ ਬੰਬ ਦੇ ਜਨਮਦਾਤਾ, ਵਿਗਿਆਨੀ ਆਂਦਰੇ. ਡੀ.ਸੁਖਾਰੋਵ ਦਾ ਕਥਨ ਹੈ ਕਿ—"ਲੋਕ ਤੰਤਰ ਅਤੇ ਸਮਾਜਵਾਦ ਨੂੰ ਮਿਲਾ ਕੇ ਇਕ ਨਵੇਂ ਵਾਦ ਦੀ ਰਚਨਾ ਕਰਨੀ ਚਾਹੀਦੀ ਹੈ"।ਜਦੋਂ ਕਿ ਪ੍ਰਸਿੱਧ ਵਿਦਵਾਨ ਸੋਲਜ਼ੇਨਿਸਤਸਨ ਸਮਾਜਵਾਦ ਅਤੇ ਧਰਮ ਨੂੰ ਇਕੱਠਿਆਂ ਕਰਨ ਤੇ ਜ਼ੋਰ ਦਿੰਦਾ ਹੈ।ਉਹਦੇ ਵਿਚਾਰ ਅਨੁਸਾਰ, ਇਸ ਤਰ੍ਹਾਂ ਮਨੁੱਖੀ ਸੁਤੰਤ੍ਰਤਾ ਅਤੇ ਸਮਾਜਿਕ ਇਨਸਾਫ ਇਕੱਠੇ ਚੱਲ ਸਕਣਗੇ।ਪਰ ਇਕ ਗੱਲ ਜਿਸ ਤੇ ਸਭ ਵਿਦਵਾਨ ਇਕ ਮੁੱਠ ਹਨ, ਉਹ ਹੈ ਕਿ--ਕਮਿਊਨਿਜ਼ਮ ਆਪਣੇ ਮੂਲ ਰੂਪ ਚ ਭਵਿੱਖ ਦੇ ਸੂਝਵਾਨ ਮਨੁੱਖ ਨੂੰ ਕਦਾਚਿਤ ਪ੍ਰਵਾਨ ਨਹੀਂ ਹੋ ਸਕਦਾ।

ਸੋ ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖਦਿਆਂ ਇਕ ਗੱਲ ਬੜੀ ਨਿੱਖਰ ਕੇ ਸਾਹਮਣੇ ਆਉਂਦੀ ਹੈ ਕਿ ਮਾਰਕਸ-ਵਾਦ ਆਪਣੀ ਉਮਰ ਵਿਹਾ ਚੁੱਕਿਆ ਵਾਦ ਹੈ।ਹੁਣ ਇਸਦੀ ਚੜ੍ਹਤ ਦਾ ਸਮਾਂ ਨਹੀਂ, ਸਗੋਂ ਇਹ ਆਪਣੇ ਮੁੱਢਲੇ ਰੂਪ ਵਿਚ ਅੰਤਮ ਸਵਾਸਾਂ ਤੇ ਹੈ।

ਵਰਤਮਾਨ ਸਮੇਂ ਅੰਦਰ ਸੰਸਾਰ ਚ ਪ੍ਰਚੱਲਤ ਦੋਵੇਂ ਮੁੱਖ ਵਾਦ ਕਮਿਊਨਿਜ਼ਮ ਅਤੇ ਪੂੰਜੀਵਾਦ, ਦੋਵੇਂ ਹੀ ਸਮੇਂ ਦੀ ਤੇਜ਼ ਤੋਰ ਤੋਂ ਪਛੜ ਗਏ ਹਨ।ਇਨ੍ਹਾਂ ਚੋਂ ਕੋਈ ਵੀ ਭਾਰਤ ਵਰਗੇ ਦੇਸ਼ ਦੇ ਅਨੁਕੂਲ ਨਹੀਂ ਹੈ ਕਿਉਂਕਿ, ਅਸੀਂ ਚਾਹੁੰਦੇ ਹਾਂ ਕਿ ਰਾਜਨੀਤਕ ਅਤੇ ਆਰਥਿਕ ਅਜਾਦੀ ਦੋਵੇਂ ਇਕੱਠੀਆਂ ਹੀ ਮਾਣੀਏਂ।ਅੱਜ ਦਾ ਮਨੁੱਖ ਆਪਣੇ ਧਾਰਮਿਕ ਅਤੇ ਰਾਜਸੀ ਅਧਿਕਾਰ ਗਹਿਣੇ ਰੱਖ ਕੇ, ਉਹਦੇ ਬਦਲੇ ਰੋਟੀ ਦਾ ਟੁਕੜਾ ਨਹੀਂ ਲੈਣਾ ਚਾਹੁੰਦਾ।ਇਹ ਦੋਵੇਂ ਅਜਾਦੀਆਂ ਲੋਕ-ਤਾਂਤਰਿਕ ਸਮਾਜਵਾਦ ਦੇ ਸਥਾਨਕ ਸਰੂਪ ਰਾਹੀਂ ਹੀ ਸੰਭਵ ਹਨ, ਕਿਤੋਂ ਬਾਹਰੋਂ ਸਮੱਗਲਡ ਕੀਤੇ ਅਖੌਤੀ 'ਇਨਕਲਾਬ' ਰਾਹੀਂ ਨਹੀਂ।

ਅੱਜ ਦੇ ਕੁੱਝ ਇਕ ਪਾਸੜ ਬੁੱਧੀ ਜੀਵੀ ਅਤੇ ਉਹ ਲੋਕ ਜੋ ਸਿੱਖ ਸਿਧਾਂਤਾਂ ਤੋਂ ਕੋਰੇ ਹਨ, ਅਤੇ ਸਿਆਸੀ ਸਾਮਜੀ ਸੂਝ ਪੱਖੋਂ ਹੀਣੇ ਹਨ, ਆਪਣੀ ਹੀਨ ਭਾਵਨਾ ਛੁਪਾਉਣ ਲਈ ਇਧਰੋਂ ਉਧਰੋਂ ਆਸਰੇ ਭਾਲਦੇ ਫਿਰਦੇ ਹਨ।ਕਦੀ ਉਨ੍ਹਾਂ ਨੂੰ ਸਿੱਖ ਧਰਮ ਹੀ 'ਕਮਿਊਨਿਜ਼ਮ' ਨਜ਼ਰ ਆਉਂਦਾ ਹੈ, ਤੇ ਕਦੀ ਕਮਿਊਨਿਜ਼ਮ ਹੀ ਨਿਰੋਲ 'ਸਿੱਖ ਧਰਮ'।

ਅਸਲ ਵਿਚ ਅਜਿਹਾ ਉਹ ਲੋਕ ਕਰਦੇ ਹਨ ਜੋ 'ਨਾ ਘਰਦੇ ਰਹੇ ਹਨ ਨਾ ਘਾਟ ਦੇ'।ਅਗਾਂਹ-ਵਧੂ ਅਖਵਾਉਣ ਦੇ ਫੈਸ਼ਨ ਵਜੋਂ ਉਹ ਬਿਨਾਂ ਕਮਿਊਨਿਜ਼ਮ ਨੂੰ ਪੜ੍ਹੇ 'ਕਮਿਊਨਿਸਟ' ਬਣ ਜਾਂਦੇ ਹਨ।ਉਧਰ ਸਿੱਖੀ ਵੀ ਸਿਰਫ ਸਿੱਖਾਂ ਦੇ ਘਰ ਜਨਮ ਲੈਣ ਤੱਕ ਹੀ ਹੁੰਦੀ ਹੈ, ਸਿੱਖ ਸਿਧਾਂਤਾਂ ਦੀ ਸੂਝ ਕਰਕੇ ਨਹੀਂ।ਇਸ ਤਰ੍ਹਾਂ ਨਾ ਉਹ ਨਾ ਤਾਂ ਸਿੱਖ ਸੰਸਕਾਰਾਂ ਤੋਂ ਮੁਕਤ ਹੋ ਸਕਦੇ ਹਨ ਤੇ ਨਾ 'ਕਮਿਊਨਿਜ਼ਮ' ਤੋਂ।ਦੋ ਬੇੜੀਆਂ ਤੇ ਸਵਾਰ ਹੋਕੇ ਫਿਰ 'ਸਿੱਖਇਜ਼ਮ ਤੇ ਕਮਿਊਨਿਜ਼ਮ' ਨੂੰ ਰਲ-ਗੱਡ ਕਰਨ ਦੀ ਨਾਪਾਕ ਕੋਸ਼ਿਸ਼ ਕਰਦੇ ਹਨ।ਜੇ ਅਸੀਂ ਚਾਹੁੰਦੇ ਹਾਂ ਕਿ ਆਪਣੀ ਭਾਵੀ ਪੀੜ੍ਹੀ ਨੂੰ ਕਮਿਊਨਿਜ਼ਮ ਦੇ ਕੈਂਸਰ ਤੋਂ ਬਚਾ ਕੇ ਰੱਖੀਏ ਤਾਂ ਸਾਨੂੰ ਸਿੱਖ ਸਿਧਾਂਤਾਂ ਨੂੰ ਲੋਕਾਂ ਤੱਕ ਲਿਜਾਣਾ ਪਵੇਗਾ।ਜੇ ਅਸੀਂ ਅਜਿਹਾ ਬਲਵਾਨ ਫਲਸਫਾ ਆਪਣੇ ਲੋਕਾਂ ਅਤੇ ਸਿੱਖੀ ਦੇ ਭਵਿੱਖ ਦੇ ਵਾਰਸਾਂ ਕੋਲੋਂ ਲੁਕਾ ਕੇ ਰੱਖਦੇ ਹਾਂ, ਤਾਂ ਯਕੀਨ ਜਾਣੋ ਕਿ ਅਸੀਂ ਬੜੇ ਵੱਡੇ ਗੁਨਾਹ ਦੇ ਭਾਗੀ ਹੋਵਾਂਗੇ।ਕੁੱਝ ਚਾਤਰ ਕਿਸਮ ਦੇ ਲੋਕ ਸਿੱਖੀ ਤੇ ਕਮਿਊਨਿਜ਼ਮ ਨੂੰ ਮਿਲਾ ਕੇ ਚਲਾਉਣ ਦੀ ਗੱਲ ਕਰਦੇ ਹਨ।ਇਹ ਜਿੱਥੇ ਇਕ ਤਰ੍ਹਾਂ ਹੀਨ ਭਾਵਨਾ ਹੈ, ਉਥੇ ਅੱਤਿ ਕਮੀਨੇ ਦਰਜ਼ੇ ਦੀ ਮਕਾਰੀ ਵੀ ਹੈ।ਸਿੱਖੀ ਕਿਉਂ ਕਮਿਊਨਿਜ਼ਮ ਦਾ ਸਹਾਰਾ ਲਵੇ?

ਸਿਖ ਵਿਚਾਰਧਾਰਾ ਇਕ ਸੰਪੂਰਨ ਅਤੇ ਇਨਕਲਾਬੀ ਫਲਸਫਾ ਹੈ।ਇਹ ਕਿਉਂ ਕਿਸੇ ਹੋਰ ਫਲਸਫੇ ਤੇ ਅਧਾਰਤ ਹੋਵੇ?ਦੁਨੀਆਂ ਵੇਖੇਗੀ ਕਿ ਝੂਠ, ਮਕਾਰੀ ਤੇ ਫਰੇਬ ਤੇ ਕਾਇਮ ਕੀਤਾ ਗਿਆ 'ਕਮਿਊਨਿਸਟ ਫਲਸਫਾ' ਲੋਕਾਂ ਦੇ ਮਨਾਂ ਚ ਆਪਣੀ ਥਾਂ ਨਹੀਂ ਬਣਾ ਸਕੇਗਾ, ਤੇ ਨਿਕਟ ਭਵਿੱਖ ਵਿਚ ਹੀ ਵਿਸ਼ਵ ਪੱਧਰ ਤੇ ਢਹਿ ਢੇਰੀ ਹੋ ਜਾਵੇਗਾ।

ਮਾਰਕਸੀ ਫਲਸਫੇ ਨੂੰ ਜਨਮ ਲਿਆਂ ਅਜੇ ਇਕ ਸਦੀ ਤੋਂ ਕੁੱਝ ਹੀ ਵੱਧ ਸਮਾਂ ਹੋਇਆ ਹੈ, ਪਰ ਇਸ ਵਿਚ ਅਹਿਮ ਬੁਨਿਆਦੀ ਤਬਦੀਲੀਆਂ ਦੀ ਲੋੜ ਪੈ ਗਈ ਹੈ ਅਤੇ ਇਥੋਂ ਤੱਕ ਕਿ ਮਾਰਕਸਵਾਦ ਦੇ ਖਤਮ ਹੋ ਜਾਣ ਦੇ ਫਤਵੇ ਸੁਨਣੇ ਪੈ ਰਹੇ ਹਨ।ਇਸਦਾ ਕਾਰਨ ਇਹ ਹੈ ਕਿ ਮਾਰਕਸਵਾਦ ਦੀ ਰਚਨਾ ਗੁੱਸੇ, ਕ੍ਰੋਧ ਅਤੇ ਜਜ਼ਬਾਤਾਂ ਤੇ ਅਧਾਰਿਤ ਹੈ, ਕਿਸੇ ਠੋਸ ਵਿਗਿਆਨਕ ਮੰਚ ਤੇ ਨਹੀਂ।ਇਸਦੇ ਉਲਟ ਸਿੱਖ ਵਿਚਾਰਧਾਰਾ ਪੰਜ ਸਦੀਆਂ ਬੀਤ ਜਾਣ ਦੇ ਬਾਅਦ ਵੀ ਨਵੀਂ ਨਕੋਰ, ਚਮਕੀਲੀ ਤੇ ਜਵਾਨ ਨਜ਼ਰ ਆਉਂਦੀ ਹੈ।ਅੱਜ ਵੀ ਇਹ ਨਾ ਕੇਵਲ ਸਮੇਂ ਦੇ ਕਦਮ ਨਾਲ ਕਦਮ ਮੇਲ ਕੇ ਤੁਰਨ ਦੇ ਸਮਰੱਥ ਹੈ, ਸਗੋਂ ਇਉਂ ਨਜ਼ਰ ਆਉਂਦਾ ਹੈ, ਜਿਵੇਂ ਕਿ ਸੰਸਾਰ ਦੇ ਭਵਿੱਖ ਦਾ ਵਾਦ ਜਾਂ ਧਰਮ, ਸਿੱਖ ਵਿਚਾਰਧਾਰਾ ਦੇ ਬੁਨਿਅਦੀ ਸਿਧਾਂਤਾਂ ਤੇ ਅਧਾਰਤ ਹੋਵੇਗਾ।

ਜਿਸ ਤਰ੍ਹਾਂ ਕਿ ਪ੍ਰਸਿੱਧ ਫਿਲਾਸਫਰ, ਸਵਰਗੀ 'ਬਰਟਰਨਡ ਰਸਲ' ਨੇ ਇਕ ਥਾਂ ਲਿਖਿਆ ਸੀ ਕਿ—**"ਜੇਕਰ ਐਟਮ ਅਤੇ ਹਾਈਡਰੋਜਨ ਬੰਬਾਂ ਦੀ ਮਾਰ ਤੋਂ ਕੁੱਝ ਖੁਸ਼ ਕਿਸਮਤ ਲੋਕ ਬਚ ਨਿਕਲੇ ਤਾਂ ਉਨ੍ਹਾਂ ਨੂੰ ਸੇਧ ਦੇਣ ਲਈ ਸਿੱਖ ਧਰਮ ਹੀ ਇੱਕੋ ਇੱਕ ਵਸੀਲਾ ਹੋਵੇਗਾ"।**

ਜਿੰਨ੍ਹਾਂ ਹੁਸੀਨ ਤੇ ਦਿਲ ਫਰੇਬ ਨਾਹਰਿਆਂ, ਲਾਰਿਆਂ, ਸੰਭਾਵਨਾਵਾਂ ਅਤੇ ਨਿਸ਼ਾਨਿਆਂ ਨੂੰ ਪ੍ਰਚਾਰ ਕੇ ਕਮਿਊ-ਨਿਸਟਾਂ ਨੇ ਮਿਹਨਤਕਸ਼ ਤੇ ਪੀੜਤ ਵਰਗ ਨੂੰ ਵਰਗਲਾਉਣ ਦੀ ਕੋਸ਼ਿਸ਼ ਕੀਤੀ ਹੈ, ਕਮਿਊਨਿਜ਼ਮ ਉਨ੍ਹਾਂ ਵਿਚੋਂ ਕਿਸੇ ਵੀ ਨਿਸ਼ਾਨੇ ਤੇ ਪੁੱਜਣ ਦੇ ਸਮਰੱਥ ਨਹੀਂ ਹੋ ਸਕਿਆ, ਪਰ ਕਿਉਂ ਕਿ ਦੁਨੀਆਂ ਦੇ ਕਾਫੀ ਵੱਡੇ ਹਿੱਸੇ ਤੇ ਕਮਿਊਨਿਜ਼ਮ ਦੇ ਨਾਂ ਹੇਠ ਨਿਰੰਕੁਸ਼ ਤਾਨਾਸ਼ਾਹੀ ਰਾਜ ਕਰ ਰਹੀ ਹੈ, ਇਸ ਲਈ ਕਮਿਊਨਿਜ਼ਮ ਇਕ ਕਾਮਯਾਬ ਹੱਥ-ਕੰਡਾ ਤਾਂ ਹੋ ਸਕਦਾ ਹੈ, ਪਰ ਲੋਕ ਕਲਿਆਣਕਾਰੀ ਅਤੇ ਕਾਮਯਾਬ ਵਿਚਾਰਧਾਰਾ ਨਹੀਂ।

ਇਹੋ ਹੀ ਕਾਰਨ ਹੈ ਕਿ ਅੱਜ ਬੜੇ ਚਾਅ ਤੇ ਜੋਸ਼ ਨਾਲ ਕਮਿਊਨਿਜ਼ਮ ਨੂੰ ਅਪਨਾਉਣ ਵਾਲੇ ਰੂਸੀਆਂ ਤੇ ਚੀਨੀਆਂ ਤੋਂ ਇਸਦਾ ਜਾਦੂ ਬੁਰੀ ਤਰ੍ਹਾਂ ਉਤਰ ਰਿਹਾ ਹੈ।ਸੋਲਜ਼ੇਨਿਸਤਸਨ ਵਰਗੇ ਵਿਦਵਾਨ ਅਤੇ ਆਂਦਰੇ. ਡੀ. ਸੁਖਾਰੋਵ ਵਰਗੇ ਮਹਾਨ ਮਨੁੱਖਾਂ ਦੀ ਛੱਤਰ ਛਾਇਆ ਹੇਠ ਅੱਜ ਰੂਸ ਵਿਚ ਮਨੁੱਖੀ ਅਜਾਦੀ ਦੀ ਫੈਸਲਾ-ਕੁੰਨ ਜੰਗ ਲੜੀ ਜਾ ਰਹੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਰੂਸ ਤੇ ਕਾਬਜ਼ ਜੁੰਡਲੀ ਬੜੀ ਤਾਕਤਵਰ ਹੈ, ਅਤੇ ਰੂਸੀ ਰਾਜਨੀਤੀ ਆਰਥਿਕਤਾ ਤੇ ਉਸਦਾ ਸ਼ਿਕੰਜਾ ਬੜਾ ਮਜ਼ਬੂਤ ਹੈ।ਪਰ ਇਸਦੇ ਬਾਵਜੂਦ 'ਸੁਖਾਰੋਵ' ਦਾ ਭੁੱਖ ਹੜਤਾਲ ਕਰਕੇ, ਵੀਜ਼ਾ ਪ੍ਰਾਪਤ ਕਰਨਾ ਤੇ ਹੋਰ ਮੰਗਾਂ ਮਨਵਾਉਣੀਆਂ ਦੱਸਦਾ ਹੈ, ਕਿ ਰੂਸੀ ਹੁਕਮਰਾਨਾ ਦਾ ਲੋਕਾਂ ਦੇ ਮਨਾਂ ਤੇ ਪਿਆ ਡਰ ਤੇ ਸਹਿਮ ਦਿਨੋ-ਦਿਨ ਉਤਰ ਰਿਹਾ ਹੈ, ਅਤੇ ਲੋਕਾਂ ਦੇ ਹੌਸਲੇ ਬੁਲੰਦ ਹੋ ਰਹੇ ਹਨ।ਪਿਛਲੇ ਕੁੱਝ ਸਾਲਾਂ ਵਿਚ ਰੂਸ ਅਤੇ ਇਦੇ ਕਬਜ਼ੇ ਵਿਚਲੀਆਂ ਕਾਲੋਨੀਆਂ ਵਿਚ ਮਨੁੱਖੀ ਅਜਾਦੀ ਦੀ ਇਕ ਲਹਿਰ ਚੱਲ ਪਈ ਹੈ।

ਰੂਸ ਤੋਂ ਇਲਾਵਾ ਅੱਜ ਦੂਸਰੀ ਜੰਗ ਵਿਚ ਇਤਹਾਦੀਆਂ ਦੀ ਹੋਈ ਜਿੱਤ ਤੋਂ ਬਾਅਦ ਸੌਦੇਬਾਜ਼ੀ ਅਧੀਨ ਰੂਸੀ ਸ਼ਿਕੰਜੇ ਵਿਚ ਜਕੜੀਆਂ ਗਈਆਂ ਕਾਲੋਨੀਆਂ ਚੈਕੋਸਲਵਾਕੀਆ, ਹੰਗਰੀ ਅਤੇ ਪੋਲੈਂਡ ਵਿਚ ਚਿਰਾਂ ਤੋਂ ਸੁਲਘ ਰਹੀ ਅਜਾਦੀ ਦੀ ਜੰਗ ਅੱਜ ਭਾਂਬੜ ਬਣ ਕੇ ਮੱਚ ਰਹੀ ਹੈ।

'ਸਾਲੀਡੈਰਿਟੀ' ਨਾਂ ਦੀ ਅਜ਼ਾਦ ਯੂਨੀਅਨ ਦੀ ਅਗਵਾਈ ਥੱਲੇ ਪੋਲੈਂਡ ਦੀ ਮਜ਼ਦੂਰ ਜਮਾਤ ਉਨ੍ਹਾਂ ਜਿੱਤਾਂ ਵੱਲ ਵਧ ਰਹੀ ਹੈ, ਅਤੇ ਉਨ੍ਹਾਂ ਸ਼ਰਤਾਂ ਦੇ ਅਧਾਰ ਤੇ ਰੂਸੀ ਤਾਨਾਸ਼ਾਹੀ ਨੂੰ ਝੁਕਣ ਲਈ ਮਜ਼ਬੂਰ ਕਰ ਰਹੀ ਹੈ, ਜਿੰਨ੍ਹਾਂ ਦੀ ਕੁੱਝ ਸਮਾਂ ਪਹਿਲਾਂ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ।

ਕਦੇ ਸਮਾਂ ਸੀ ਜਦੋਂ ਕਮਿਊਨਿਸਟਾਂ ਦਾ ਇਹ ਨਾਅਰਾ ਕਿ 'ਦੁਨੀਆਂ ਭਰ ਦੇ ਮਿਹਨਤਕਸ਼ੋ! ਇਕ ਹੋ ਜਾਓ' ਲੋਕਾਂ ਨੂੰ ਅਪੀਲ ਕਰਦਾ ਸੀ ਅਤੇ ਜਦੋਂ ਕਿਸੇ ਮੁਲਕ ਵਿਚ ਮਜ਼ਦੂਰ ਹੜਤਾਲ ਕਰਦੇ ਸਨ, ਤਾਂ ਕਮਿਊਨਿਸਟ ਆਗੂ ਸਮਝਦੇ ਸਨ ਕਿ ਮਜ਼ਦੂਰ ਜਮਾਤ ਜਥੇਬੰਦ ਹੋ ਰਹੀ ਹੈ।ਇਸ ਵਿਚ ਕੋਈ ਸ਼ੱਕ ਨਹੀਂ ਕਿ ਮਿਹਨਤਕਸ਼ ਲੋਕਾਂ ਦੀ ਜਥੇਬੰਦੀ ਤੇ ਏਕਤਾ ਮਜ਼ਬੂਤ ਹੋਣੀ ਚਾਹੀਦੀ ਹੈ ਅਤੇ ਹੜਤਾਲ ਕਰਨ ਦਾ ਬੁਨਿਆਦੀ ਅਧਿਕਾਰ ਮਜ਼ਦੂਰ ਕੋਲ ਹੋਣਾ ਚਾਹੀਦਾ ਹੈ।

ਪਰ ਮਜ਼ਦੂਰਾਂ ਦੇ ਨਾਂ ਤੇ ਵਿਸ਼ਵ ਪੱਧਰ ਦੀ ਦੁਕਾਨਦਾਰੀ ਚਲਾਉਣ ਵਾਲਿਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ, ਜਦੋਂ ਸਾਢੇ ਤਿੰਨ ਕ੍ਰੋੜ ਅਬਾਦੀ ਵਾਲੇ ਦੇਸ਼ ਪੋਲੈਂਡ ਦੇ ਇਕ ਕ੍ਰੋੜ ਮਿਹਨਤਕਸ਼ਾਂ ਨੇ ਹੜਤਾਲਾਂ ਰਾਹੀਂ ਕਮਿਊਨਿਸਟ ਤਾਨਾਸ਼ਾਹੀ ਨੂੰ ਵੰਗਾਰਿਆ ਅਤੇ ਅਜਾਦ ਮਜ਼ਦੂਰਾਂ ਦੀ ਯੂਨੀਅਨ ਸਿਰਜਣ ਦੀ ਮੰਗ ਕੀਤੀ।ਅਖਬਾਰਾਂ ਕੱਢਣ ਤੇ ਰੇਡੀਓ ਟੈਲੀਵੀਜਨ ਤੋਂ ਪਾਰਟੀ ਕੰਟਰੋਲ ਖਤਮ ਕਰਨ ਤੇ ਮਜ਼ਦੂਰ ਜਥੇਬੰਦੀ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਹੱਕ ਮੰਗਿਆ।ਦੇਸ਼ ਵਿਚ ਅਜਾਦ ਤੇ ਨਿਰਪੱਖ ਚੋਣਾਂ ਦੀ ਮੰਗ ਕੀਤੀ।

ਦੁਨੀਆਂ ਤੇ ਮਿਹਨਤ-ਕਸ਼ਾਂ ਨੂੰ ਹੜਤਾਲਾਂ ਰਾਹੀਂ ਇਕ-ਮੁੱਠ ਹੋਣ ਦਾ ਸੱਦਾ ਦੇਣ ਵਾਲਿਆਂ ਨੇ ਪੋਲੈਂਡ ਦੇ ਇਕ ਕ੍ਰੋੜ ਮਜ਼ਦੂਰਾਂ ਨੂੰ ਹੜਤਾਲ ਦਾ ਹੱਕ ਦੇਣ ਤੋਂ ਇਨਕਾਰ ਕਰ ਦਿੱਤਾ।ਇਸ ਤਰ੍ਹਾਂ ਦੁਨੀਆਂ ਦੇ ਲੋਕਾਂ ਅਤੇ ਖਾਸ ਕਰ ਮਜ਼ਦੂਰਾਂ ਦੀਆਂ ਅੱਖਾਂ ਖੁਲ੍ਹ ਗਈਆਂ ਤੇ ਕਮਿਊਨਿਜ਼ਮ ਦਾ ਅਸਲੀ ਘਿਨਾਉਣਾ ਚਿਹਰਾ ਭਰੀ ਸੱਥ ਚ ਨੰਗਾ ਹੋ ਗਿਆ।

ਅੱਜ ਦੁਨੀਆਂ ਦੇ ਸਾਹਮਣੇ ਇਹ ਸਚਾਈ ਉਘੜ ਕੇ ਸਾਹਮਣੇ ਆ ਗਈ ਹੈ ਕਿ ਕਮਿਊਨਿਜ਼ਮ ਜ਼ਿੰਦਗੀ ਦੇ ਹਰ ਖੇਤ੍ਰ ਵਿਚ ਬੁਰੀ ਤਰ੍ਹਾਂ ਅਸਫਲ ਹੋ ਗਿਆ ਹੈ, ਅਤੇ ਕਮਿਊਨਿਜ਼ਮ ਮਾਰਕਸ ਦੇ ਮਿਥੇ ਨਿਸ਼ਾਨੇ ਤੇ ਕੱਢੇ ਗਏ ਅਖੌਤੀ ਸਿੱਟਿਆਂ ਚੋਂ ਕਿਸੇ ਤੇ ਵੀ ਪੂਰਾ ਨਹੀਂ ਉਤਰ ਸਕਿਆ।

ਭਾਵੇਂ ਲੈਨਿਨ ਦੇ ਜਿਉਂਦਿਆਂ ਹੀ ਇਹ ਅਨੁਭਵ ਹੋਣ ਲੱਗ ਪਿਆ ਸੀ ਕਿ ਮਾਰਕਸਵਾਦ ਪੂਰੀ ਤਰ੍ਹਾਂ ਲਾਗੂ ਹੋ ਸਕਣ ਦੇ ਯੋਗ ਨਹੀਂ, ਪਰ ਫਿਰ ਵੀ ਇਹ ਭੁਲੇਖਾ ਕਾਫੀ ਦੇਰ ਤੱਕ ਬਣਿਆਂ ਰਿਹਾ, ਕਿ ਸ਼ਾਇਦ ਕੁੱਝ ਤਬਦੀਲੀਆਂ ਕਰਕੇ ਕਮਿਊਨਿਜ਼ਮ ਮਨੁੱਖੀ ਮਸਲੇ ਹੱਲ ਕਰ ਸਕਣ ਦੇ ਸਮਰੱਥ ਹੋ ਜਾਵੇ, ਪਰ ਵਿਸ਼ਵ ਭਰ ਦੇ ਮਿਹਨਤਕਸ਼ਾਂ ਨੂੰ 'ਇਕ ਹੋ ਜਾਓ' ਕਹਿਣ ਵਾਲੇ ਰੂਸ ਤੇ ਚੀਨ ਜਦੋਂ ਇਕ ਦੂਜੇ ਵੱਲ ਤੋਪਾਂ ਦੇ ਮੂੰਹ ਖੋਲ੍ਹ ਕੇ ਖੜ੍ਹ ਗਏ ਅਤੇ ਮਜ਼ਦੂਰਾਂ ਨੂੰ ਹੜਤਾਲਾਂ ਦਾ ਬੁਨਿਆਦੀ ਹੱਕ ਦੇ ਮੁਦਈ ਜਦੋਂ ਆਪਣੇ ਕਬਜ਼ੇ ਹੇਠਲੇ ਰਾਜਾਂ ਚ ਮਜ਼ਦੂਰਾਂ ਕੋਲੋਂ ਹੜਤਾਲ ਦਾ ਹੱਕ ਖੋਹਣ ਲੱਗੇ, ਤਾਂ ਨਾ ਕੇਵਲ ਦੁਨੀਆਂ ਭਰ ਦਾ ਮਿਹਨਤ-ਕਸ਼ ਹੀ ਚੇਤੰਨ ਹੋ ਗਿਆ, ਸਗੋਂ ਹੁਸੀਨ ਨਾਅਰਿਆਂ ਦੇ ਜਾਲ ਚ ਫਸ ਚੁੱਕਿਆ, ਮਾਰਕਸੀ ਮਿਹਨਤ-ਕਸ਼ ਵੀ ਗੁਲਾਮੀ ਦੀਆਂ ਜੰਜ਼ੀਰਾਂ ਤੋੜਨ ਲਈ ਫੜਫੜਾਣ ਲੱਗ ਪਿਆ।

ਗੱਲ ਕੀ, ਅੱਜ ਇਹ ਗੱਲ ਸੰਸਾਰ ਦੇ ਲੋਕਾਂ ਸਾਹਮਣੇ ਪੂਰੀ ਤਰ੍ਹਾਂ ਸਪਸ਼ਟ ਹੋ ਚੁੱਕੀ ਹੈ, ਕਿ ਜਿਸ ਕਮਿਊਨਿਜ਼ਮ ਨੂੰ ਅੱਜ ਤੋਂ ਕੁੱਝ ਸਮਾਂ ਪਹਿਲਾਂ ਮਿਹਨਤ-ਕਸ਼ ਲੋਕਾਂ ਦੀ ਬੰਦ-ਖਲਾਸੀ ਦਾ ਇਕੋ ਇਕ ਇਲਾਜ ਸਮਝਿਆ ਜਾਂਦਾ ਸੀ, ਅੱਜ ਉਹ ਮੁਕਤੀ ਦਾ ਨਹੀਂ, ਸਗੋਂ ਅੱਤ ਭੈੜੇ ਦਰਜ਼ੇ ਦੀ ਗੁਲਾਮੀ ਦਾ ਹੀ ਦੂਜਾ ਨਾਂ ਹੈ।

ਹੁਣ ਤੀਕ ਅਸੀਂ ਇਸ ਅਖੌਤੀ ਵਿਗਿਆਨਕ ਸਮਾਜਵਾਦ ਭਾਵ ਕਮਿਊਨਿਜ਼ਮ ਦਾ ਕੌਮਾਂਤਰੀ ਤੇ ਕੌਮੀ ਸੰਦਰਭ ਵਿਚ ਕਾਫੀ ਵਿਸ਼ਲੇਸ਼ਣ ਕਰ ਚੁੱਕੇ ਹਾਂ ਅਤੇ ਉਪਰ ਕੀਤੀਆਂ ਸਾਰੀਆਂ ਵਿਚਾਰਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕਮਿਊ-ਨਿਜ਼ਮ ਅਜੋਕੇ ਪ੍ਰਗਤੀ-ਸ਼ੀਲ, ਸੂਝਵਾਨ ਤੇ ਸੁਤੰਤਰ ਸੋਚ ਰੱਖਦੇ ਮਨੁੱਖ ਨੂੰ ਕੋਈ ਨਰੋਈ ਸੇਧ ਦੇ ਸਕਣ ਦੇ ਸਮਰੱਥ ਨਹੀਂ।

ਇਸ ਤਰ੍ਹਾਂ ਉਪਰੋਕਤ ਵਿਚਾਰਾਂ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ 'ਅਖੌਤੀ' ਵਿਗਿਆਨਕਵਾਦ ਅੱਜ ਦੇ ਪ੍ਰਗਤੀ-ਸ਼ੀਲ ਮਨੁੱਖ ਦੀਆਂ ਸਮੱਸਿਆਵਾਂ ਨੂੰ ਹੱਲ ਕਰ ਸਕਣ ਦੇ ਸਮਰੱਥ ਨਹੀਂ ਅਤੇ ਸਮੇਂ ਦੇ ਤੇਜ਼ ਵੇਗ ਤੋਂ ਬਹੁਤ ਪਛੜ ਗਿਆ ਹੈ।ਇਸਦੇ ਉਲਟ ਅੱਜ ਤੋਂ ਪੰਜ ਸਦੀਆਂ ਪਹਿਲਾਂ ਉਦੇ ਹੋਈ ਸਿੱਖ ਵਿਚਾਰਧਾਰਾ ਅੱਜ ਵੀ ਨਵੀਨ ਤੇ ਪ੍ਰਗਤੀ-ਸ਼ੀਲ ਜਾਪਦੀ ਹੈ, ਸਗੋਂ ਜਿੰਨ੍ਹਾਂ ਖੇਤਰਾਂ ਵਿਚ ਮਾਰਕਸਵਾਦ ਨਾ-ਕਾਮ ਹੋਇਆ ਹੈ, ਸਿੱਖ ਵਿਚਾਰਧਾਰਾ ਉਨ੍ਹਾਂ ਖੇਤਰਾਂ ਵਿਚ ਸਫਲਤਾ ਸਹਿਤ ਵਿਚਰਣ ਲਈ ਯੋਗ ਤੇ ਠੀਕ ਸੇਧ ਦੇ ਸਕਣ ਦੇ ਸਮਰੱਥ ਹੈ।ਕਈਆਂ ਪੱਖਾਂ ਤੋਂ ਤਾਂ ਸਿੱਖ ਵਿਸ਼ਵ ਦਾ ਅਨੋਖਾ ਸਮਾਜ ਹਨ।ਇਹ ਇੱਕੋ ਸਮੇਂ ਧਾਰਮਿਕ ਬਰਾਦਰੀ ਵੀ ਹਨ ਅਤੇ ਰਾਜਸੀ ਤੌਰ ਤੇ 'ਕੌਮ' ਵੀ।

ਨੈਸ਼ਨਲ ਪ੍ਰੋਫੈਸਰ ਆਫ ਸਿੱਖ-ਇਜ਼ਮ ਸਿਰਦਾਰ ਕਪੂਰ ਸਿੰਘ ਜੀ ਦੇ ਸ਼ਬਦਾਂ ਵਿਚ—"ਸਿੱਖ ਧਰਮ ਇਕ ਵਿਸ਼ਵ ਵਿਆਪਕ ਧਰਮ ਹੈ।ਇਹ ਗੈਰ ਨਸਲੀ ਅਤੇ ਸਮਾਜੀ ਧਰਮ ਹੈ।ਇਸ ਦੀਆਂ ਜੜ੍ਹਾਂ ਰਾਜਸੀ ਸਮਾਜ ਵਿਚ ਲੱਗੀਆਂ ਹੋਈਆਂ ਹਨ।ਇਹ ਧਰਮ ਸਰਲ, ਖੁਲ੍ਹਾ-ਡੁੱਲ੍ਹਾ, ਸਹਿਨ-ਸ਼ੀਲ, ਪ੍ਰਗਤੀ-ਸ਼ੀਲ ਅਤੇ ਸੁਤੰਤਰ ਸੁਭਾਉ ਦਾ ਹੈ"।

ਇਸ ਤਰ੍ਹਾਂ ਨਾਲ ਸਿੱਖ ਅਤੇ ਸਿੱਖ ਧਰਮ ਇਕ ਵਿਲੱਖਣ ਧਰਮ ਅਤੇ ਅਨੋਖੇ ਸਮਾਜ ਦੀ ਸਿਰਜਣਾ ਕਰਦੇ ਹਨ ਅਤੇ ਸਿੱਖ ਸੰਸਾਰ ਦੇ ਹੋਰਨਾਂ ਧਰਮਾਂ ਅਤੇ ਰਾਜਨੀਤਕ ਭਾਈਚਾਰੇ ਤੋਂ ਸਪਸ਼ਟ ਤੌਰ ਤੇ ਨਿਖੇੜੇ ਜਾ ਸਕਦੇ ਹਨ।

ਕਮਿਊਨਿਜ਼ਮ ਅਤੇ ਸਿੱਖ-ਇਜ਼ਮ ਵਿਚ ਨਿਖੇੜਤਾ ਲਿਆਉਣ ਲਈ ਵਿਸ਼ਵ ਪ੍ਰਸਿੱਧ ਇਤਿਹਾਸਕਾਰ ਅਤੇ ਦਾਰਸ਼ਨਿਕ 'ਆਰਨੋਲਡ ਟਾਇਨਬੀ' ਆਪਣੀ ਪੁਸਤਕ (Magomopas History) ਵਿਚ ਸਿੱਖ ਧਰਮ ਨੂੰ ਲੈਨਿਨ ਦੀ ਕਮਿਊਨਿਸਟ ਪਾਰਟੀ ਦੇ ਸੱਚੇ ਵਲਵਲੇ ਦੇ ਮੋਢੀ ਹੋਣ ਦਾ ਉਲੇਖ ਕਰਦਾ ਹੈ।ਆਰਨੋਲਡ ਟਾਇਨਬੀ ਲਿਖਦਾ ਹੈ ਕਿ—

"ਲੈਨਿਨ ਸਰਾਸਰ ਗਲਤ ਸੀ, ਜਦੋਂ ਉਹ ਇਹ ਦਾਅਵਾ ਕਰਦਾ ਹੈ ਕਿ ਦੁਨੀਆਂ ਦੇ ਇਤਿਹਾਸ ਵਿਚ ਕੇਵਲ ਉਸਦੀ ਪਾਰਟੀ ਹੀ ਇਕ ਅਨੋਖੀ ਪਾਰਟੀ (ਕਮਿਊਨਿਸਟ) ਸੀ, ਜਿਸਦੀ ਸਥਾਪਨਾ ਪਹਿਲੀ ਵਾਰ ਹੋਈ"।

'ਆਰਨੋਲਡ ਟਾਇਨਬੀ' ਲੈਨਿਨ ਦੀ ਇਸ ਧਾਰਨਾ ਨੂੰ ਰੱਦ ਕਰਦਾ ਹੋਇਆ ਨਿਸਚੇ ਨਾਲ ਆਖਦਾ ਹੈ, ਕਿ— "ਸਿੱਖ ਸਮਾਜ ਦਾ ਖਾਲਸਾ ਆਪਣੀ ਸਰਲਤਾ ਤੇ ਬਣਤਰ ਸਦਕਾ ਲੈਨਿਨ ਦੀ ਪਾਰਟੀ ਦਾ ਪੂਰਵ ਤੇ ਮੂਲ ਰੂਪ ਸੀ"।

ਜਿਥੋਂ ਤੱਕ ਸਮਾਜਿਕ ਪ੍ਰੀਵਰਤਨ ਲਿਆਉਣ ਦੀ ਗੱਲ ਹੈ, ਇਸ ਵਿਚ ਤਾਂ 'ਖਾਲਸਾ', ਲੈਨਿਨ ਦੀ ਕਮਿਊਨਿਸਟ ਪਾਰਟੀ ਨਾਲ ਸਧਾਰਨ ਤੌਰ ਤੇ ਰਚਨਾਤਮਕ ਸਮਾਨਤਾ ਤੇ ਨੇੜਤਾ ਰੱਖਦਾ ਹੈ, **ਪਰ ਉਦੇਸ਼ ਅਤੇ ਸਾਰ ਦੇ ਲਿਹਾਜ਼ ਨਾਲ ਸਿੱਖ ਧਰਮ ਕਮਿਊਨਿਜ਼ਮ ਤੋਂ ਬਿਲਕੁਲ ਵੱਖਰਾ ਹੈ।**

ਸਿੱਖ ਧਰਮ ਸਹਿਣਸ਼ੀਲਤਾ ਅਤੇ ਆਤਮਿਕ ਅਜਾਦੀ ਲਈ ਵਚਨ ਬੱਧ ਹੈ।'ਆਰਨੋਲਡ ਟਾਇਨਬੀ' ਸਿੱਖੀ ਦੇ ਭਵਿੱਖ ਪ੍ਰਤੀ ਦ੍ਰਿੜਤਾ ਦੀ ਹੱਦ ਤੱਕ ਆਸ਼ਾਵਾਦੀ ਹੈ।ਉਹ ਲਿਖਦਾ ਹੈ-

"ਜੇ ਮਨੁੱਖ ਜਾਤੀ ਆਪਣੀਆਂ ਖਤਰਨਾਕ ਗਲਤੀਆਂ ਦੇ ਬਾਵਜੂਦ ਵੀ ਬਚ ਜਾਂਦੀ ਹੈ ਤਾਂ ਸਿੱਖ ਇਸ ਗ੍ਰਹਿ ਉਪਰ ਹੱਠੀ ਅਤੇ ਸਾਹਸੀ ਹੋਣ ਸਦਕਾ ਯਕੀਨਨ ਤੌਰ ਤੇ ਰਹਿਣਗੇ"।

ਸੋ ਅੰਤ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸਿੱਖ ਵਿਚਾਰਧਾਰਾ ਹੀ ਮਨੁੱਖਤਾ ਦੀ ਬੰਦ-ਖਲਾਸੀ ਦਾ ਇੱਕੋ ਇੱਕ ਸਾਧਨ ਹੈ, ਜਿੱਥੇ ਕਮਿਊਨਿਜ਼ਮ, ਪਦਾਰਥਵਾਦ ਨੂੰ ਮਨੁੱਖਤਾ ਦਾ ਮੂਲ ਮੰਨ ਕੇ ਧਰਮ ਦਾ ਸਿੱਧਾ ਵਿਰੋਧ ਕਰਕੇ ਸਮਾਜ ਵਿਚ ਅਨੈਤਿਕਤਾ ਨੂੰ ਉਤਸ਼ਾਹਤ ਕਰਦਾ ਹੈ ਉਥੇ ਸਿੱਖ ਧਰਮ 'ਨਾਮ ਜਪਣ' ਤੇ 'ਆਤਮਿਕ ਮੁਕਤੀ' ਦਾ ਨਾਹਰਾ ਦੇ ਕੇ ਮਨੁੱਖਤਾ ਨੂੰ ਨੈਤਿਕਤਾ ਤੇ ਸੱਚ ਦਾ ਰਾਹ ਦਰਸਾਂਦਾ ਹੈ।

ਇਸੇ ਤਰ੍ਹਾਂ ਜਿੱਥੇ ਕਮਿਊਨਿਜ਼ਮ ਮਨੁੱਖੀ ਅਜਾਦੀ ਦਾ ਹਨਨ ਕਰਕੇ, ਮਨੁੱਖ ਨੂੰ ਸਟੇਟ ਦੇ ਹੱਥਾਂ ਦਾ ਇਕ ਬੇਜ਼ਾਨ ਮਸ਼ੀਨੀ ਪੁਰਜ਼ਾ ਬਣਾ ਦੇਂਦਾ ਹੈ, ਉਥੇ ਸਿੱਖ ਧਰਮ ਮਨੁੱਖੀ ਅਜਾਦੀ ਦਾ ਜ਼ਾਮਨ ਹੈ, ਅਤੇ ਮਨੁੱਖ ਨੂੰ ਧਾਰਮਿਕ, ਸਦਾਚਾਰਕ, ਆਰਥਿਕ ਤੇ ਰਾਜਸੀ ਸੁਤੰਤ੍ਰਤਾ ਪ੍ਰਦਾਨ ਕਰਦਾ ਹੈ।ਸਿੱਖ ਧਰਮ ਮਨੁੱਖ ਦੀਆਂ ਧਾਰਮਿਕ ਤੇ ਨਿੱਜੀ ਮਾਨਤਾਵਾਂ ਵਿਚ ਸਟੇਟ ਦੇ ਦਖਲ ਦਾ ਵਿਰੋਧੀ ਹੈ।

ਕਮਿਊਨਿਜ਼ਮ 'ਵਰਗ-ਰਹਿਤ ਸਮਾਜ' ਦਾ ਦੰਭੀ ਨਾਹਰਾ ਲਾ ਕੇ ਸਮਾਜ ਦੀ ਕੁਲ ਪੂੰਜੀ ਉਤੇ ਸਟੇਟ ਤੇ ਕਾਬਜ਼ ਕੁੱਝ ਲੋਕਾਂ ਦੇ ਗ੍ਰੋਹ (ਪਾਰਟੀ) ਦਾ ਕਬਜ਼ਾ ਕਰਵਾਉਂਦਾ ਹੈ, ਪਰ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਵਾਲਾ ਮਨੁੱਖ ਆਪਣੀ ਮਰਜ਼ੀ ਨਾਲ ਆਪਣਾ ਆਪਾ ਗੁਰੂ ਅਤੇ ਪੰਥ (ਪਾਰਟੀ) ਅੱਗੇ ਅਰਪਨ ਕਰ ਦਿੰਦਾ ਹੈ-

"ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ"॥

ਕਮਿਊਨਿਜ਼ਮ 'ਰਾਜ-ਰਹਿਤ ਸਮਾਜ' ਦਾ ਲਾਰਾ ਲਾ ਕੇ ਲੋਕਾਂ ਉਤੇ ਰਾਜ ਦਾ ਸ਼ਿਕੰਜਾ ਕੱਸਦਾ ਹੈ ਅਤੇ ਮਨੁੱਖ ਦੀ ਸੁਤੰਤ੍ਰ ਹਸਤੀ 'ਨੇਸਤੋ ਨਬੂਦ' ਕਰ ਦਿੰਦਾ ਹੈ, ਪਰ ਇਸਦੇ ਉਲਟ ਸਿੱਖ ਧਰਮ ਮਨੁੱਖ ਦੀ ਸੁਤੰਤਰ ਹਸਤੀ ਦਾ ਜ਼ਾਮਨ ਹੈ, ਅਤੇ ਸਟੇਟ ਵੱਲੋਂ ਮਨੁੱਖਾਂ ਤੇ ਕੀਤੇ ਜਾਂਦੇ ਜ਼ਬਰ ਦਾ ਡੱਟ ਕੇ ਵਿਰੋਧ ਕਰਦਾ ਹੈ।

ਵਿਸ਼ੇਸ਼ ਗੱਲ ਇਹ ਹੈ ਕਿ ਕਮਿਊਨਿਸਟਾਂ ਦੇ ਰਾਜ-ਰਹਿਤ ਸਮਾਜ ਅਤੇ ਵਰਗ-ਰਹਿਤ ਸਮਾਜ ਦੇ ਨਾਹਰੇ ਨਾ ਕੇਵਲ ਖੋਖਲੇ ਅਵਿਵਹਾਰਕ ਹੀ ਸਾਬਤ ਹੋਏ, ਸਗੋਂ 1917 ਦੇ ਅਕਤੂਬਰ ਰਾਜ ਪਲਟੇ ਤੋਂ ਲੈਕੇ ਅੱਜ ਤੱਕ ਕਮਿਊਨਿਸਟ ਸਟੇਟਾਂ ਵਿਚ ਰਾਜ ਨੇ ਅਸੀਮਤ ਸ਼ਕਤੀਆਂ ਰਾਹੀਂ ਮਨੁੱਖਤਾ ਨੂੰ ਬੁਰੀ ਤਰ੍ਹਾਂ ਜਕੜ ਰੱਖਿਆ ਹੈ।

ਭਾਵੇਂ ਕਮਿਊਨਿਸਟ ਆਮ ਤੌਰ ਤੇ ਧਰਮੀ ਲੋਕਾਂ ਤੇ ਅੰਨ੍ਹੀ ਕੱਟੜਤਾ ਦਾ ਦੋਸ਼ ਥੱਪਦੇ ਹਨ, ਪਰ ਕਮਿਊਨਿਸਟ ਕਬਜ਼ੇ ਵਾਲੇ ਰਾਜਾਂ ਦਾ ਜਾਇਜ਼ਾ ਲਿਆਂ ਸਹਿਜੇ ਹੀ ਇਸ ਸਿੱਟੇ ਤੇ ਪੁੱਜਿਆ ਜਾ ਸਕਦਾ ਹੈ, ਕਿ ਕਮਿਊਨਿਸਟ ਕੱਟੜਤਾ, ਧਾਰਮਿਕ ਕੱਟੜਤਾ ਨਾਲੋਂ ਕਿਤੇ ਜ਼ਿਆਦਾ ਖਤਰਨਾਕ ਹੈ।ਦੋ ਪ੍ਰਸਪਰ ਵਿਰੋਧੀ ਧਰਮਾਂ ਨੂੰ ਮੰਨਣ ਵਾਲੇ ਲੋਕੀਂ ਤਾਂ ਇਕ ਦੇਸ਼ ਵਿਚ ਇਕੱਠੇ ਰਹਿ ਸਕਦੇ ਹਨ, ਪਰ ਕਿਸੇ ਕਮਿਊਨਿਸਟ ਦੇਸ਼ ਵਿਚ ਗੈਰ ਕਮਿਊਨਿਸਟ ਲੋਕਾਂ ਲਈ ਜੇਲ੍ਹ ਤੋਂ ਸਿਵਾ ਕੋਈ ਥਾਂ ਨਹੀਂ।

ਜਿੱਥੇ ਕਮਿਊਨਿਜ਼ਮ ਵਿਚ 'ਲੋਕਤੰਤਰ' ਅਤੇ ਪੰਚਾਇਤੀ ਰਾਜ ਪ੍ਰਬੰਧ ਲਈ ਕੋਈ ਥਾਂ ਨਹੀਂ, ਸਗੋਂ ਐਲਾਨੀਆਂ ਤਾਨਾਸ਼ਾਹੀ ਪ੍ਰਬੰਧ ਹੈ, ਉਥੇ ਸਿੱਖੀ ਲੋਕ ਰਾਜੀ ਤੇ ਮਾਨਵਵਾਦੀ ਅਸੂਲਾਂ ਦੀ ਝੰਡਾ ਬਰਦਾਰ ਹੈ।

ਸਿੱਖ ਧਰਮ ਸਰਬ ਮਨੁੱਖਤਾ ਦਾ ਸਾਂਝਾ ਮਾਨਵ ਕਲਿਆਣਕਾਰੀ ਧਰਮ ਹੈ, ਜਿਸ ਵਿਚ ਕਿਸੇ ਤਰ੍ਹਾਂ ਦੀ ਦੂਈ ਦਵੈਤ ਲਈ ਕੋਈ ਥਾਂ ਨਹੀਂ, ਸਗੋਂ ਸਿੱਖੀ ਦਾ ਅਧਾਰ ਹੀ; "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ"
ਦਾ ਮਹਾਨ ਅਸੂਲ ਹੈ, ਜਦੋਂ ਕਿ ਕਮਿਊਨਿਸਟਾਂ ਦਾ ਅਧਾਰ ਵਰਗਵੰਡ ਤੇ ਅਧਾਰਿਤ ਹੈ।ਕਮਿਊਨਿਜ਼ਮ ਮਨੁੱਖ ਨੂੰ ਜਿੱਥੇ ਰਾਜਸੀ, ਧਾਰਮਿਕ ਤੇ ਸੱਭਿਆਚਾਰਕ ਗੁਲਾਮੀ ਦੇਂਦਾ ਹੈ, ਉਥੇ ਆਰਥਿਕ ਤੌਰ ਤੇ ਵੀ ਕਿਰਤੀ ਸ਼੍ਰੇਣੀ ਨੂੰ ਵਲਵਲੇ-ਅੰਗੇਜ਼ ਨਾਅਰੇ-ਬਾਜ਼ੀ ਨਾਲ ਗੁਮਰਾਹ ਕਰਕੇ ਮਸ਼ੀਨ ਵਾਂਗ ਵਰਤਦਾ ਹੈ।

ਇਕ ਹੋਰ ਗੱਲ, ਜਿਸਦਾ ਅਸੀਂ ਉਪਰ ਵਿਸਥਾਰ ਨਾਲ ਜ਼ਿਕਰ ਆਏ ਹਾਂ, ਉਹ ਹੈ ਕਮਿਊਨਿਸਟਾਂ ਦਾ ਔਰਤਾਂ ਨੂੰ 'ਸਾਂਝੀ ਦੌਲਤ' (Capital) ਸਮਝਣ ਦਾ ਗੈਰ ਇਨਸਾਨੀ ਢੰਗ, ਜੋ ਕਿ ਔਰਤਾਂ ਨੂੰ ਇਕ ਤਰ੍ਹਾਂ ਨਾਲ ਸਰਕਾਰੀ ਤੌਰ ਤੇ ਵੇਸਵਾਵਾਂ ਬਨਾਉਣ ਦੇ ਤੁੱਲ ਹੈ।ਭਾਵੇਂ ਕਿ ਇਸ ਨੂੰ ਔਰਤਾਂ ਦੀ ਬੰਦਖਲਾਸੀ ਦਾ ਮਕਾਰੀ ਭਰਿਆ ਨਾਂ ਦਿੱਤਾ ਜਾਂਦਾ ਹੈ। ਇਸਦੇ ਉਲਟ ਔਰਤ ਨੂੰ ਵਿਸ਼ਵ ਭਰ ਵਿਚ ਪਹਿਲੀ ਵਾਰ ਸਨਮਾਨਯੋਗ ਸਥਾਨ ਦੇਣ ਦੀ ਮੰਗ, ਸਿੱਖ ਧਰਮ ਦੇ ਸਿਰਜਣਹਾਰ ਗੁਰੂ ਨੇ--

'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥(ਗੁਰੂ ਗ੍ਰੰਥ ਸਾਹਿਬ ਪੰ:473) ਕਹਿ ਕੇ ਕੀਤੀ।

ਇਕ ਪ੍ਰਸਿੱਧ ਵਿਦਵਾਨ ਦੇ ਮਾਰਕਸਵਾਦ ਬਾਰੇ ਕਹੇ ਗਏ ਇੰਨ੍ਹਾਂ ਸ਼ਬਦਾਂ ਨੂੰ ਕਿ **"ਮਾਰਕਸਵਾਦ ਉਹ ਕੂਟਲਨੀਤੀ ਪੂਰਨ ਸਿਧਾਂਤ ਹੈ, ਜਿਹੜਾ ਅਮੀਰਾਂ ਨੂੰ ਗਰੀਬ, ਗਰੀਬਾਂ ਨੂੰ ਗੁਲਾਮ ਤੇ ਗੁਲਾਮਾਂ ਨੂੰ ਮੂਰਖ ਬਣਾ ਕੇ ਉਨ੍ਹਾਂ ਉਤੇ ਰਾਜ ਕਰਦਾ ਹੈ"** ਨੂੰ ਸਾਹਮਣੇ ਰੱਖਦੇ ਹੋਏ, ਅਸੀਂ ਇਹ ਕਹਿ ਸਕਦੇ ਹਾਂ ਕਿ ਮਾਰਕਸਵਾਦ ਅਜੋਕੇ ਯੁਗ ਦਾ ਸਭ ਤੋਂ ਵੱਡਾ ਅੰਧ-ਵਿਸ਼ਵਾਸ਼ ਹੈ।

**ਇਸਦੇ ਉਲਟ ਸਿੱਖ ਵਿਚਾਰਧਾਰਾ ਇਨਕਲਾਬੀ, ਲੋਕ ਵਾਦੀ, ਲੋਕ ਤਾਂਤਰਿਕ, ਲੋਕ ਪੱਖੀ, ਨਵੀਨ ਤੇ ਅਜੋਕੇ ਪ੍ਰਗਤੀਸ਼ੀਲ ਸਮੇਂ ਦੇ ਅਨੁਕੂਲ ਹੈ ਅਤੇ ਅੱਜ ਦੇ ਕਿਰਤੀ ਕਾਮੇ ਅਤੇ ਪ੍ਰਗਤੀਸ਼ੀਲ ਮਨੁੱਖ ਦੀਆਂ ਸਮੱਸਿਆਵਾਂ ਦਾ ਯੋਗ ਹੱਲ ਦੇ ਸਕਣ ਦੇ ਸਮਰੱਥ ਹੈ।**

ਸੋ ਅਸੀਂ ਮਹਾਨ ਫਿਲਾਸਫਰ ਸਵਰਗਵਾਸੀ 'ਬਰਟਰਨਡ ਰਸਲ' ਦੇ ਸਿੱਖੀ ਦੇ ਰੌਸ਼ਨ ਭਵਿੱਖ ਬਾਰੇ ਕਹੇ ਗਏ ਇੰਨ੍ਹਾਂ ਸ਼ਬਦਾਂ ਨਾਲ ਆਪਣੇ ਕਥਨ ਨੂੰ ਸੰਪੂਰਨ ਕਰਦੇ ਹਾਂ— "ਜੇਕਰ ਐਟਮ ਅਤੇ ਹਾਈਡਰੋਜਨ ਬੰਬਾਂ ਦੀ ਮਾਰ ਤੋਂ ਕੁੱਝ ਖੁਸ਼-ਕਿਸਮਤ ਇਨਸਾਨ ਬਚ ਨਿਕਲੇ ਤਾਂ ਉਨ੍ਹਾਂ ਨੂੰ ਸੇਧ ਦੇਣ ਲਈ ਸਿੱਖ ਧਰਮ ਹੀ ਇੱਕੋ ਇੱਕ ਵਸੀਲਾ ਹੋਵੇਗਾ"।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ ਦੇ ਸੁਨਹਿਰੀ ਅਸੂਲਾਂ ਦਾ ਧਾਰਨੀ 'ਸਿੱਖ' ਧਰਮ ਹੀ ਭਵਿੱਖ ਦੇ ਮਨੁੱਖ ਦਾ ਧਰਮ ਹੋਵੇਗਾ।

ਨਕਲ ਨਵੀਸ:- ਅਮਰਜੀਤ ਸਿੰਘ ਖੋਸਾ, ਡੈਲਟਾ, ਬੀ.ਸੀ., ਕੈਨੇਡਾ